## ਕਾਰਜਕਾਰੀ ਸੰਖੇਪ ਸਾਰ

## ਵਿਸ਼ਵ ਬੈਂਕ ਵਾਤਾਵਰਣਿਕ ਅਤੇ ਸਮਾਜਿਕ ਪ੍ਰਣਾਲੀ ਮੁਲਾਂਕਣ

### ਜਾਣ-ਪਹਿਚਾਣ

ਭਾਰਤ ਸਰਕਾਰ ਵੱਲੋਂ ਵਿਸ਼ਵ ਬੈਂਕ ਦੇ ਸਹਿਯੋਗ ਨਾਲ ਵਿਸ਼ਵ ਬੈਂਕ ਦੀ ਨੀਤੀ: Program for Results Financing ਦੇ ਅਨੁਸਾਰ, PUNJAB OUTCOMES-ACCELERATION IN SCHOOL EDUCATION OPERATION (POISE) (P500564) ਤਿਆਰ ਕੀਤਾ ਜਾ ਰਿਹਾ ਹੈ। POISE ਨੂੰ ਇੱਕ ਸੰਯੁਕਤ (ਹਾਈਬ੍ਰਿਡ) ਵਿੱਤੀ ਵਿਧੀ, Program for Result (PforR) ਅਤੇ Investment Project Financing (IPF), ਰਾਹੀਂ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਇਸ ਵਿਕਾਸ ਪ੍ਰੋਗਰਾਮ ਦਾ ਉਦੇਸ਼ (PDO) ਪੰਜਾਬ ਵਿੱਚ ਸਿੱਖਣ ਪਰਿਣਾਮਾਂ ਅਤੇ ਪੜ੍ਹਾਉਣ ਵਿੱਚ ਸੁਧਾਰ ਕਰਨਾ ਅਤੇ ਸਕੂਲ ਪ੍ਰਬੰਧਨ ਨੂੰ ਮਜ਼ਬੂਤ ਕਰਨਾ ਹੈ। ਪ੍ਰਸਤਾਵਿਤ POISE ਦੀ ਮਿਆਦ ਛੇ ਸਾਲਾਂ (ਸਤੰਬਰ 2024 ਤੋਂ ਜੂਨ 2030 ਤੱਕ ਅਨੁਮਾਨਿਤ) ਲਈ ਹੋਵੇਗੀ। ਪ੍ਰਸਤਾਵਿਤ ਪ੍ਰੋਗਰਾਮ ਭਾਰਤ ਵਿੱਚ ਵਿਸ਼ਵ ਬੈਂਕ ਦੀ ਰਾਸ਼ਟਰੀ ਅਤੇ ਰਾਜ ਪੱਧਰ 'ਤੇ ਸਿੱਖਿਆ ਸੁਧਾਰਾਂ ਵਿੱਚ ਨਿਰੰਤਰ ਸਮੂਲੀਅਤ ਤੋਂ, ਅਤੇ ਨਾਲ ਹੀ ਵਿਸ਼ਵ ਵਿਕਾਸ ਰਿਪੋਰਟ (2018): Learning to Realize the Promise of Education, and World Bank's Ready to Learn Report ਵਿੱਚ ਦਰਜ ਵਿਸ਼ਵ ਪੱਧਰੀ ਜਾਣਕਾਰੀ ਤੋਂ ਹਾਸਲ ਕੀਤੇ ਗਏ ਅਨੁਭਵਾਂ ਅਤੇ ਸਬਕਾਂ ਤੋਂ ਲਾਭ ਉਠਾਏਗਾ। ਇਹ ਪ੍ਰੋਗਰਾਮ ਰਾਜ ਦੁਆਰਾ ਪਛਾਣੇ ਗਏ ਵਿਕਾਸ ਦੇ ਤਰਜੀਹੀ ਖੇਤਰ- ਸਿੱਖਿਆ ਦੇ ਕੋਵਿਡ-19 ਕਾਰਨ ਸਿੱਖਣ ਨੁਕਸਾਨ ਨੂੰ ਦੂਰ ਕਰਨ ਅਤੇ ਇੱਕ ਲਚਕੀਲੀ ਸਿੱਖਿਆ ਪ੍ਰਣਾਲੀ ਬਣਾਉਣ ਲਈ ਵਿਸ਼ਵ ਬੈਂਕ ਦੀ ਸਿੱਖਣ ਨੁਕਸਾਨਾਂ ਦੀ ਛੇਤੀ ਪੂਰਤੀ ਦੀ ਰਣਨੀਤੀ ਤੋਂ ਲਾਭ ਲੈਣ ਲਈ ਚੰਗੀ ਸਥਿਤੀ ਵਿੱਚ ਹੈ। ਪ੍ਰੋਗਰਾਮ ਦਾ PforR ਘਟਕ ਸਰਕਾਰ ਦੀ ਮਲਕੀਅਤ ਅਤੇ ਆਲੋਚਨਾਤਮਕ ਸੁਧਾਰਾਂ ਅਤੇ ਨੀਤੀਆਂ ਨੂੰ ਲਾਗੂ ਕਰਨ ਲਈ ਉਤਸ਼ਾਹਿਤ ਕਰੇਗਾ ਕਿਉਂਕਿ PforR ਪੰਜਾਬ ਸਰਕਾਰ ਦੇ ਸਿੱਖਿਆ ਪ੍ਰੋਗਰਾਮ ਦਾ ਸਮਰਥਨ ਕਰੇਗਾ ਜੋ ਸਕੂਲ ਸਿੱਖਿਆ ਲਈ ਰਾਜ ਦੇ 2047 ਦੇ ਦ੍ਰਿਸ਼ਟੀਕੋਣ ਦੀ ਪਾਲਣਾ ਕਰਦਾ ਹੈ। ਰਾਜ ਨੂੰ ਵਿੱਤ ਵਿਭਾਗ ਦੇ ਨਾਲ ਵਿਸ਼ਵ ਬੈਂਕ ਦੇ ਚੱਲ ਰਹੇ ਸੰਚਾਲਨ ਦੁਆਰਾ ਦਸਤਾਵੇਜ਼ੀ ਤੌਰ-ਤਰੀਕਿਆਂ ਦਾ ਅਨੁਭਵ ਹੈ। PforR ਪ੍ਰੋਗਰਾਮ ਦਾ ਸਮਰਥਨ ਇੱਕ ਛੋਟੇ Investment Project Financing (IPF) – Technical Assistance (TA) ਤਕਨੀਕੀ ਸਹਾਇਤਾ ਘਟਕ ਦੁਆਰਾ ਕੀਤਾ ਜਾਵੇਗਾ, ਜੋ ਹੋਰ ਗੱਲਾਂ ਦੇ ਨਾਲ-ਨਾਲ ਤਕਨੀਕੀ ਸਹਾਇਤਾ ਲਈ ਬਾਹਰੀ ਸਰੋਤ ਏਜੰਸੀਆਂ ਦੀ ਖਰੀਦਦਾਰੀ ਦੇ ਸਮਰੱਥ ਹੈ।

ਸਰਕਾਰੀ ਪ੍ਰੋਗਰਾਮ 'ਪੰਜਾਬ ਵਿਜ਼ਨ ਦਸਤਾਵੇਜ਼ - 2047' ਦੁਆਰਾ ਨਿਰਦੇਸ਼ਿਤ ਹੈ ਅਤੇ ਇਹ ਯਕੀਨੀ ਬਣਾਉਣ ਲਈ 2024-2030 ਲਈ ਰਾਜ ਦੇ ਸਕੂਲੀ ਸਿੱਖਿਆ ਦੇ ਟੀਚੇ ਨੂੰ ਸ਼ਾਮਲ ਕਰਦਾ ਹੈ ਤਾਂ ਜੋ ੳ) ਸਾਰੀਆਂ ਲੜਕੀਆਂ ਅਤੇ ਲੜਕੇ ਉੱਚ-ਗੁਣਵੱਤਾ ਪ੍ਰੀ-ਪ੍ਰਾਇਮਰੀ, ਪ੍ਰਾਇਮਰੀ, ਅੱਪਰ-ਪ੍ਰਾਇਮਰੀ, ਸੈਕੰਡਰੀ ਅਤੇ ਉੱਚ ਸੈਕੰਡਰੀ ਸਿੱਖਿਆ ਪ੍ਰਾਪਤ ਕਰ ਸਕਣ; ਅ) ਸਾਰੇ ਨੌਜਵਾਨ ਸਾਖਰਤਾ ਅਤੇ ਸੰਖਿਆ ਗਿਆਨ ਪ੍ਰਾਪਤ ਕਰ ਸਕਣ; ੲ) ਵਧੇਰੇ ਗਿਣਤੀ ਵਿੱਚ ਨੌਜਵਾਨਾਂ ਕੋਲ ਰੁਜ਼ਗਾਰ ਲਈ ਤਕਨੀਕੀ ਅਤੇ ਕਿੱਤਾਮੁਖੀ ਹੁਨਰ ਹੋਣ; ਅਤੇ ਸ) ਸਾਰੀਆਂ ਸਿੱਖਿਆ ਸਹੂਲਤਾਂ ਸੁਰੱਖਿਅਤ ਅਤੇ ਸਮਾਵੇਸ਼ੀ ਹੋਣ। ਇਹ ਪ੍ਰੋਗਰਾਮ ਰਾਜ ਦੇ ਸਿੱਖਿਆ

ਵਿਭਾਗ ਦੁਆਰਾ 'ਸਮਗਰ ਸਿੱਖਿਆ' (SS) ਦੇ ਸਮਰਥਨ ਨਾਲ ਲਾਗੂ ਕੀਤਾ ਜਾ ਰਿਹਾ ਹੈ, ਜੋ ਕਿ ਕੇਂਦਰ ਸਰਕਾਰ ਤੋਂ ਸਹਾਇਤਾ ਪ੍ਰਾਪਤ ਸਕੀਮ ਹੈ ਅਤੇ ਰਾਜ ਦੀਆਂ ਸਕੀਮਾਂ ਦੇ ਨਾਲ-ਨਾਲ ਪ੍ਰੀ-ਸਕੂਲ ਤੋਂ ਗ੍ਰੇਡ 12ਵੀਂ ਤੱਕ ਦੀ ਸਮੁੱਚੀ ਸਕੂਲ ਸਿੱਖਿਆ ਪ੍ਰਣਾਲੀ ਨੂੰ ਸ਼ਾਮਿਲ ਕਰਦੀ ਹੈ। ਵਿਸ਼ਵ ਬੈਂਕ ਦੇ ਮਾਰਗਦਰਸ਼ਨ ਦੇ ਅਨੁਸਾਰ PforR ਦੇ ਵਿੱਤੀ ਕਾਰਜਾਂ ਲਈ ਵਾਤਾਵਰਣਿਕ ਅਤੇ ਸਮਾਜਿਕ ਪ੍ਰਣਾਲੀ ਮੁਲਾਂਕਣ [Environmental and Social Systems Assessment (ESSA)] ਆਯੋਜਿਤ ਕੀਤਾ ਗਿਆ ਹੈ। ESSA ਦੇ ਨਤੀਜੇ ਅਤੇ ਸਿਫ਼ਾਰਸ਼ਾਂ ਪੰਜਾਬ ਵਿੱਚ ਸਮਗਰ ਸਿੱਖਿਆ ਪ੍ਰੋਗਰਾਮ ਦੇ ਸੰਬੰਧਿਤ ਵਾਤਾਵਰਣਿਕ ਅਤੇ ਸਮਾਜਿਕ (E&S) ਪ੍ਰਬੰਧਨ ਪ੍ਰਣਾਲੀਆਂ ਦੀ ਸਮੀਖਿਆ, ਸਕੂਲ ਸਿੱਖਿਆ ਵਿਭਾਗ ਦੇ ਮੁੱਖ ਅਧਿਕਾਰੀਆਂ, ਜ਼ਿਲ੍ਹਾ ਅਤੇ ਬਲਾਕ ਅਧਿਕਾਰੀਆਂ, ਸਕੂਲ ਦੇ ਪ੍ਰਿੰਸੀਪਲਾਂ/ਹੈੱਡਮਾਸਟਰਾਂ, ਅਧਿਆਪਕਾਂ, ਵਿਦਿਆਰਥੀਆਂ, ਮਾਪਿਆਂ ਅਤੇ ਸਕੂਲ ਪ੍ਰਬੰਧਨ ਕਮੇਟੀ (ਸਕੂਲ ਪ੍ਰਬੰਧਕ ਕਮੇਟੀ) ਦੇ ਕਮਿਊਨਿਟੀ ਮੈਂਬਰਾਂ ਦੇ ਨਾਲ ਸਲਾਹ-ਮਸ਼ਵਰੇ ਦੇ ਨਾਲ ਨਾਲ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਸਕੂਲਾਂ ਦੇ ਪ੍ਰਾਇਮਰੀ ਫੀਲਡ ਦੌਰੇ (ਲਗਭਗ 300 ਭਾਗੀਦਾਰਾਂ) 'ਤੇ ਆਧਾਰਿਤ ਹਨ। ਸਬੰਧਤ ਦੂਜੇ ਵਿਭਾਗਾਂ ਅਤੇ ਸਿਵਲ ਸੋਸਾਇਟੀ ਮੈਂਬਰਾਂ ਨਾਲ ਵੀ ਮਸ਼ਵਰਾ ਕੀਤਾ ਗਿਆ। ESSA ਦੇ ਦੇ ਡਰਾਫਟ ਬਾਰੇ ਰਾਜ ਵਿੱਚ ਸਾਰੇ ਸਬੰਧਤ ਹਿੱਸੇਦਾਰਾਂ, ਪ੍ਰੋਗਰਾਮ ਲਾਗੂ ਕਰਨ ਵਾਲਿਆਂ ਅਤੇ ਸਿਵਲ ਸੁਸਾਇਟੀ ਸੰਗਠਨ (CSOs) ਦੇ ਨਾਲ ਇੱਕ ਅੰਤਿਮ ਵਰਕਸ਼ਾਪ ਆਯੋਜਿਤ ਕੀਤੀ ਜਾਵੇਗੀ, ਜਿਸ ਉਪਰੰਤ ESSA ਨੂੰ ਅੰਤਿਮ ਰੂਪ ਦੇ ਕੇ ਇਸ ਦਾ ਖੁਲਾਸਾ ਕੀਤਾ ਜਾਵੇਗਾ।

ESSA, ਪ੍ਰੋਗਰਾਮ ਨਾਲ ਜੁੜੇ ਮੁੱਖ ਵਾਤਾਵਰਣਿਕ ਅਤੇ ਸਮਾਜਿਕ ਜੋਖਮਾਂ ਅਤੇ ਪ੍ਰਭਾਵਾਂ ਦੇ ਸੰਖੇਪ ਦੇ ਨਾਲ ਇੱਕ ਮੁਲਾਂਕਣ ਪ੍ਰਦਾਨ ਕਰਦਾ ਹੈ, ਨਾਲ ਹੀ ਭਾਰਤ ਸਰਕਾਰ ਦੀਆਂ ਮੌਜੂਦਾ ਸੰਸਥਾਵਾਂ ਅਤੇ ਪ੍ਰਣਾਲੀਆਂ ਬਾਰੇ ਵੀ ਦੱਸਦਾ ਹੈ ਤਾਂ ਜੋ ਸੰਭਾਵਿਤ ਵਾਤਾਵਰਣਿਕ ਅਤੇ ਸਮਾਜਿਕ ਜੋਖਮਾਂ ਅਤੇ ਪ੍ਰਭਾਵਾਂ ਨੂੰ ਪ੍ਰਬੰਧਿਤ ਅਤੇ ਘੱਟ ਕੀਤਾ ਜਾ ਸਕੇ ਅਤੇ ਇਸ ਤਰ੍ਹਾਂ ਪ੍ਰੋਗਰਾਮ ਦੇ ਅਸਰਦਾਰ ਅਤੇ ਸਫਲ ਲਾਗੂਕਰਨ ਨੂੰ ਯਕੀਨੀ ਬਣਾਇਆ ਜਾ ਸਕੇ। ਪ੍ਰੋਗਰਾਮ ਵਿਸ਼ਵ ਬੈਂਕ ਦੇ ਹੇਠਾਂ ਦਿੱਤੇ ਛੇ ਮੁੱਖ ਸਿਧਾਂਤਾਂ ਦੀ ਪਾਲਣਾ ਕਰੇਗਾ ਜੋ PforR ਵਿੱਤੀ ਦਿਸ਼ਾ-ਨਿਰਦੇਸ਼ਾਂ ਵਿੱਚ ਦੱਸੇ ਗਏ ESSA ਵਿਸ਼ਲੇਸ਼ਣ ਦੀ ਅਗਵਾਈ ਕਰਦੇ ਹਨ।

1. ਸਿਧਾਂਤ 1: ਵਾਤਾਵਰਣਿਕ ਅਤੇ ਸਮਾਜਿਕ ਪ੍ਰਬੰਧਨ ਦਾ ਆਮ ਸਿਧਾਂਤ
2. ਸਿਧਾਂਤ 2: ਕੁਦਰਤੀ ਨਿਵਾਸ ਸਥਾਨ ਅਤੇ ਭੌਤਿਕ ਸੱਭਿਆਚਾਰਕ ਸਰੋਤ
3. ਸਿਧਾਂਤ 3: ਜਨਤਕ ਅਤੇ ਕਰਮਚਾਰੀ ਸੁਰੱਖਿਆ
4. ਸਿਧਾਂਤ 4: ਭੂਮੀ ਅਧਿਗ੍ਰਹਿਣ
5. ਸਿਧਾਂਤ 5: ਮੂਲ ਨਿਵਾਸੀ ਅਤੇ ਕਮਜ਼ੋਰ ਸਮੂਹ
6. ਸਿਧਾਂਤ 6: ਸਮਾਜਿਕ ਟਕਰਾਅ,

POISE ਲਾਗੂ ਕਰਨ ਲਈ ਮੂਲ ਨਿਵਾਸੀਆਂ ਨਾਲ ਸਬੰਧਤ ਕੁਝ ਪਹਿਲੂਆਂ ਨੂੰ ਛੱਡ ਕੇ ਸਾਰੇ ਮੁੱਖ ਸਿਧਾਂਤ ਲਾਗੂ ਹੋਣਗੇ।

ਵਿਸ਼ਵ ਬੈਂਕ ਨੀਤੀ Program for Results Financing ਦੇ ਸਥਿਰਤਾ ਸਿਧਾਂਤਾਂ ਦੀ ਇਕਸਾਰਤਾ ਵਿੱਚ ESSA ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ PforR ਵਿੱਤ ਦੁਆਰਾ ਸਮਰਥਿਤ ਪ੍ਰੋਗਰਾਮਾਂ ਨੂੰ ਇਸ ਤਰੀਕੇ ਨਾਲ ਲਾਗੂ ਕੀਤਾ ਜਾਵੇ ਜਿਸ ਨਾਲ ਸੰਭਾਵੀ ਵਾਤਾਵਰਣਿਕ ਅਤੇ ਸਮਾਜਿਕ ਲਾਭਾਂ ਨੂੰ ਵਧਾਇਆ ਜਾ ਸਕੇ; ਅਤੇ ਕਿਸੇ ਵੀ ਵਾਤਾਵਰਣਿਕ ਅਤੇ ਸਮਾਜਿਕ ਖਤਰੇ ਅਤੇ ਪ੍ਰਤੀਕੂਲ

ਪ੍ਰਭਾਵਾਂ ਤੋਂ ਬਚਿਆ ਜਾ ਸਕੇ ਜਾਂ ਉਨ੍ਹਾਂ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ ਜਾਂ ਖਤਮ ਕੀਤਾ ਜਾ ਸਕੇ। ਪ੍ਰੋਗਰਾਮ ਦੀ PforR ਲਈ, ESSA ਨੇ ਸਮਰਥਿਤ ਗਤੀਵਿਧੀਆਂ ਦੇ ਸੈੱਟ 'ਤੇ ਲਾਗੂ ਪੰਜਾਬ ਦੀਆਂ ਮੌਜੂਦਾ ਵਾਤਾਵਰਣਿਕ ਅਤੇ ਸਮਾਜਿਕ ਪ੍ਰਬੰਧਨ ਪ੍ਰਣਾਲੀਆਂ ਦੀ ਜਾਂਚ ਕੀਤੀ। ਇਸ ਸਬੰਧ ਵਿੱਚ, ESSA ਸੰਬੰਧਿਤ ਸਰਕਾਰੀ ਪ੍ਰਣਾਲੀਆਂ ਅਤੇ ਪ੍ਰਕਿਰਿਆਵਾਂ ਦੀ ਇੱਕ ਵਿਆਪਕ ਸਮੀਖਿਆ ਕਰਦਾ ਹੈ ਜੋ ਪ੍ਰੋਗਰਾਮ ਨਾਲ ਜੁੜੇ ESSA ਮੁੱਦਿਆਂ ਨੂੰ ਹੱਲ ਕਰਦੇ ਹਨ।

ESSA ਦੱਸਦਾ ਹੈ ਕਿ ਕਿਸ ਹੱਦ ਤੱਕ ਲਾਗੂ ਸਰਕਾਰੀ ਵਾਤਾਵਰਣਿਕ ਅਤੇ ਸਮਾਜਿਕ ਨੀਤੀਆਂ, ਕਾਨੂੰਨ, ਪ੍ਰੋਗਰਾਮ ਪ੍ਰਕਿਰਿਆਵਾਂ ਅਤੇ ਸੰਸਥਾਗਤ ਪ੍ਰਣਾਲੀਆਂ ਵਿਸ਼ਵ ਬੈਂਕ ਨੀਤੀ: Program for Results Financing ਦੇ ਉਪਰੋਕਤ ਸੂਚੀਬੱਧ ਛੇ ਪ੍ਰਮੁੱਖ ਸਿਧਾਂਤਾਂ ਦੇ ਅਨੁਰੂਪ ਹਨ: ਅਤੇ ਪ੍ਰੋਗਰਾਮ ਲਾਗੂਕਰਨ ਦੌਰਾਨ ਕਮੀਆਂ ਨੂੰ ਦੂਰ ਕਰਨ ਅਤੇ ਕਾਰਗੁਜ਼ਾਰੀ ਨੂੰ ਵਧਾਉਣ ਲਈ ਕਾਰਵਾਈ ਦੀ ਸਿਫ਼ਾਰਸ਼ ਕਰਦਾ ਹੈ। ਇਸ ਲਈ, ਇਹ ESSA ਰਿਪੋਰਟ, ਇਸ ਮੁਲਾਂਕਣ ਦੇ ਅਧਾਰ ਤੇ ਖੋਜਾਂ ਦਾ ਸਾਰ ਪੇਸ਼ ਕਰਦੀ ਹੈ ਕਿ ਵਾਤਾਵਰਣਿਕ ਅਤੇ ਸਮਾਜਿਕ ਮੌਜੂਦਾ ਪ੍ਰੋਗਰਾਮ ਪ੍ਰਕਿਰਿਆਵਾਂ ਲਾਗੂ ਮੂਲ ਸਿਧਾਂਤਾਂ ਨੂੰ ਕਿਸ ਹੱਦ ਤੱਕ ਪੂਰਾ ਕਰਦੀਆਂ ਹਨ, ਅਤੇ ਜਿੱਥੇ ਉਹ ਨਹੀਂ ਕਰਦੀਆਂ, ਉੱਥੇ ਖਾਮੀਆਂ ਨੂੰ ਦੂਰ ਕਰਨ ਲਈ ਇੱਕ ਪ੍ਰੋਗਰਾਮ ਕਾਰਜ ਯੋਜਨਾ (Program Action Plan) ਦੀ ਸਿਫ਼ਾਰਸ਼ ਕਰਦੀ ਹੈ।

**ESSA ਲਈ ਵਰਤੀ ਗਈ ਵਿਧੀ**

ESSA ਨੇ ਪ੍ਰੋਗਰਾਮ ਨਾਲ ਜੁੜੇ ਪ੍ਰਮੁੱਖ ਵਾਤਾਵਰਣਿਕ ਅਤੇ ਸਮਾਜਿਕ ਜੋਖਮਾਂ/ਪ੍ਰਭਾਵਾਂ ਦੀ ਪਛਾਣ ਕੀਤੀ। ਇਸ ਨੇ ਇਹਨਾਂ ਵਾਤਾਵਰਣਿਕ ਅਤੇ ਸਮਾਜਿਕ ਜੋਖਮਾਂ/ਪ੍ਰਭਾਵਾਂ ਦੇ ਪ੍ਰਬੰਧਨ ਅਤੇ ਇਨ੍ਹਾਂ ਨੂੰ ਘਟਾਉਣ ਲਈ ਲਾਗੂਕਰਨ ਏਜੰਸੀਆਂ ਦੀ ਤਕਨੀਕੀ ਸਮਰੱਥਾ ਅਤੇ ਸੰਸਥਾਗਤ ਢਾਂਚੇ ਦਾ ਵੀ ਮੁਲਾਂਕਣ ਕੀਤਾ। ਇਸ ਉਪਰੰਤ ਇਸਨੇ ESSA ਲਈ ਨਿਰਧਾਰਿਤ ਮੁੱਖ ਸਿਧਾਂਤਾਂ ਨੂੰ ਪੂਰਾ ਕਰਨ ਅਤੇ ਪ੍ਰੋਗਰਾਮ ਦੀ ਵਾਤਾਵਰਣਿਕ ਅਤੇ ਸਮਾਜਿਕ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਲਈ ਪਛਾਣੀਆਂ ਗਈਆਂ ਕਮੀਆਂ ਨੂੰ ਦੂਰ ਕਰਨ ਲਈ ਉਪਾਅ ਸੁਝਾਏ। ESSA ਦੀ ਕਾਰਜਪ੍ਰਣਾਲੀ ਵਿੱਚ ਸਰਕਾਰੀ ਨੀਤੀਆਂ, ਕਾਨੂੰਨੀ ਢਾਂਚੇ, ਪ੍ਰੋਗਰਾਮ ਦਸਤਾਵੇਜ਼ਾਂ, ਸਮਾਜਿਕ ਸੁਰੱਖਿਆ ਲਈ ਰਾਸ਼ਟਰੀ ਦਿਸ਼ਾ-ਨਿਰਦੇਸ਼ਾਂ ਸਮੇਤ ਸੰਬੰਧਿਤ ਅੰਕੜਿਆਂ ਦੀ ਇੱਕ ਵਿਆਪਕ ਸਮੀਖਿਆ ਸ਼ਾਮਲ ਸੀ, ਅਤੇ ਸਕੂਲ ਸਿੱਖਿਆ ਵਿਭਾਗ, ਸਮੱਗਰ ਸਿੱਖਿਆ, ਲੋਕ ਨਿਰਮਾਣ ਵਿਭਾਗ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਅਤੇ ਸਿਵਲ ਸੋਸਾਇਟੀ ਦੇ ਨੁਮਾਇੰਦਿਆਂ ਨਾਲ ਸਲਾਹ-ਮਸ਼ਵਰੇ, ਇੰਟਰਵਿਊ / ਵਿਚਾਰ-ਵਟਾਂਦਰੇ ਦੁਆਰਾ ਪੂਰਕ ਬਣਾਇਆ ਗਿਆ ਸੀ ਤਾਂ ਜੋ ਵਾਤਾਵਰਣਿਕ ਅਤੇ ਸਮਾਜਿਕ ਜੋਖਮਾਂ ਅਤੇ ਪ੍ਰਭਾਵਾਂ ਦੇ ਪ੍ਰਬੰਧਨ ਵਿੱਚ ਸਲਾਹ, ਅਸਲ ਸਬੂਤ, ਕਾਰਜਾਤਮਕ ਗਿਆਨ, ਅਤੇ ਚਿੰਤਾਵਾਂ ਬਾਰੇ ਜਾਣਕਾਰੀ ਇਕੱਤਰ ਕੀਤੀ ਜਾ ਸਕੇ। ਚੋਣਵੇਂ ਜ਼ਿਲ੍ਹਿਆਂ ਵਿੱਚ ਸਿੱਖਿਆ ਵਿਭਾਗ, ਸਮੱਗਰ ਸਿੱਖਿਆ ਅਧਿਕਾਰੀਆਂ, ਜ਼ਿਲ੍ਹਾ ਅਤੇ ਬਲਾਕ ਸਟਾਫ, ਸਕੂਲ ਦੇ ਪ੍ਰਿੰਸੀਪਲਾਂ/ਹੈੱਡਮਾਸਟਰਾਂ, ਅਧਿਆਪਕਾਂ, ਵਿਦਿਆਰਥੀਆਂ ਅਤੇ ਸਕੂਲ ਪ੍ਰਬੰਧਕ ਕਮੇਟੀ ਮੈਂਬਰਾਂ ਨਾਲ ਸਲਾਹ ਮਸ਼ਵਰਾ ਕੀਤਾ ਗਿਆ।

ਵਾਤਾਵਰਣਿਕ ਪ੍ਰਣਾਲੀ ਮੁਲਾਂਕਣ ਵਿੱਚ ਸਕੂਲਾਂ ਵਿੱਚ ਬਿਹਤਰ, ਸੁਰੱਖਿਅਤ, ਅਤੇ ਸਵੱਛ ਸਿੱਖਿਆ ਅਤੇ ਅਧਿਆਪਨ ਮਾਹੌਲ ਨੂੰ ਉਤਸ਼ਾਹਿਤ ਕਰਨ ਲਈ ਕੈਂਪਸ/ਬੁਨਿਆਦੀ ਢਾਂਚਾ ਪ੍ਰਬੰਧਨ ਦੇ ਵੱਖ-ਵੱਖ ਤੱਤਾਂ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ। ਕੁਦਰਤੀ ਰੌਸ਼ਨੀ,

ਹਵਾਦਾਰੀ, ਪਾਣੀ ਦੀ ਸਪਲਾਈ, ਸੈਨੀਟੇਸ਼ਨ ਸਹੂਲਤਾਂ, ਡਰੇਨੇਜ, ਰਹਿੰਦ-ਖੂੰਹਦ ਪ੍ਰਬੰਧਨ (ਈ-ਕੂੜੇ ਸਮੇਤ), ਊਰਜਾ ਦੀ ਸਹੀ ਵਰਤੋਂ, ਪਾਣੀ ਦੀ ਸਹੀ ਵਰਤੋਂ , ਧੁਨੀ ਵਿਗਿਆਨ, ਸਰਵ ਵਿਆਪਕ ਪਹੁੰਚ, ਸੁਰੱਖਿਆ (ਜੀਵਨ ਸੁਰੱਖਿਆ ਅਤੇ ਅੱਗ ਤੋਂ ਸੁਰੱਖਿਆ ਸਮੇਤ), ਪ੍ਰਯੋਗਸ਼ਾਲਾ ਪ੍ਰਬੰਧਨ (ਰਸਾਇਣਾਂ, ਰਹਿੰਦ-ਖੂੰਹਦ, ਫੈਲਣ ਦੇ ਪ੍ਰਬੰਧਨ ਨਾਲ ਸਬੰਧਤ ਵਿਧੀਆਂ ਸਮੇਤ), ਖੁੱਲ੍ਹੀ ਥਾਂ/ਖੇਡ ਦੇ ਮੈਦਾਨ ਦੀ ਉਪਲਬਧਤਾ, ਅਪਾਤਕਾਲੀਨ ਪ੍ਰਤੀਕਿਰਿਆ ਅਤੇ ਆਫ਼ਤ ਦੀ ਤਿਆਰੀ ਵਰਗੇ ਪਹਿਲੂਆਂ ਨੂੰ ਕਵਰ ਕੀਤਾ ਗਿਆ।

ਦੂਜੇ ਪਾਸੇ, ਸਮਾਜਿਕ ਪ੍ਰਣਾਲੀਆਂ ਦੇ ਮੁਲਾਂਕਣ ਵਿਚ ਅੰਤਰ-ਰਾਜੀ ਭਿੰਨਤਾਵਾਂ, ਜ਼ਮੀਨ ਦੀ ਉਪਲਬਧਤਾ ਅਤੇ ਸੰਬੰਧਿਤ ਮੁੱਦਿਆਂ, ਐਸਐਮਸੀ ਅਤੇ ਉਹਨਾਂ ਦੀ ਸ਼ਮੂਲੀਅਤ ਅਤੇ ਕੋਈ ਹੋਰ ਸਮਾਜਿਕ-ਆਰਥਿਕ ਬੇਦਖਲੀ ਸਬੰਧੀ ਰੁਕਾਵਟਾਂ ਦੇ ਨਤੀਜੇ ਵਜੋਂ ਭੇਦਭਾਵ ਵਾਲੀ ਪਹੁੰਚ ਦਾ ਮੁਲਾਂਕਣ ਕੀਤਾ ਗਿਆ ਜੋ ਸਥਾਨਕ ਆਬਾਦੀ ਨੂੰ ਪ੍ਰੋਗਰਾਮ ਦੇ ਲਾਭ ਤੋਂ ਵੰਚਿਤ ਕਰਦੀ ਹੈ।

**ਸੰਸਥਾਗਤ ਪ੍ਰਬੰਧ**

ਸਕੂਲ ਸਿੱਖਿਆ ਵਿਭਾਗ, ਪੰਜਾਬ ਸਰਕਾਰ ਇਸ ਨੂੰ ਲਾਗੂ ਕਰਨ ਵਾਲੀ ਨੋਡਲ ਏਜੰਸੀ ਹੋਵੇਗੀ। ਸਕੂਲ ਸਿੱਖਿਆ ਵਿਭਾਗ ਗੁਣਵੱਤਾ ਅਤੇ ਅਕਾਦਮਿਕ ਪਹਿਲੂਆਂ ਦੀ ਨਿਗਰਾਨੀ ਕਰਨ ਲਈ ਤਿੰਨ ਮੁੱਖ ਸੰਸਥਾਵਾਂ - ਸਕੂਲ ਸਿੱਖਿਆ ਡਾਇਰੈਕਟੋਰੇਟ (ਐਲੀਮੈਂਟਰੀ) ਅਤੇ ਸਕੂਲ ਸਿੱਖਿਆ ਡਾਇਰੈਕਟੋਰੇਟ (ਸੈਕੰਡਰੀ), ਅਤੇ ਪੰਜਾਬ ਸਟੇਟ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐਸਸੀਈਆਰਟੀ) ਰਾਹੀਂ ਕੰਮ ਕਰਦਾ ਹੈ।

**ਭਾਗੀਦਾਰਾਂ ਨਾਲ ਸਲਾਹ**

ਰਾਜ ਵਿੱਚ ਵੱਖ-ਵੱਖ ਭਾਗੀਦਾਰਾ (ਪ੍ਰਾਇਮਰੀ ਅਤੇ ਸੈਕੰਡਰੀ) ਨਾਲ ਸਲਾਹ ਮਸ਼ਵਰਾ ਕੀਤਾ ਗਿਆ। ਇਸ ਵਿੱਚ ਪਟਿਆਲਾ, ਪਠਾਨਕੋਟ, ਤਰਨਤਾਰਨ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਵਿੱਚ 14 ਸਕੂਲਾਂ ਅਤੇ ਇੱਕ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ (DIET) ਦਾ ਦੌਰਾ ਕਰਨਾ ਅਤੇ ਦਸੰਬਰ 2023 ਤੋਂ ਮਾਰਚ 2024 ਤੱਕ ਪ੍ਰਿੰਸੀਪਲਾਂ/ਹੈੱਡਮਾਸਟਰਾਂ, ਅਧਿਆਪਕਾਂ, ਅਤੇ ਐਸ.ਐਮ.ਸੀ ਕਮਿਊਨਿਟੀ ਨੁਮਾਇੰਦਿਆਂ, ਮਾਪਿਆਂ ਅਤੇ ਵਿਦਿਆਰਥੀਆਂ ਨਾਲ ਚਰਚਾਵਾਂ ਸ਼ਾਮਲ ਸਨ। ਇਨ੍ਹਾਂ ਦੌਰਿਆਂ ਦੌਰਾਨ 100 ਦੇ ਕਰੀਬ ਐਸ.ਐਮ.ਸੀ ਮੈਂਬਰਾਂ, 150 ਤੋਂ ਵੱਧ ਲੈਕਚਰਾਰਾਂ ਅਤੇ ਅਧਿਆਪਕਾਂ ਅਤੇ 100 ਤੋਂ ਵੱਧ ਵਿਦਿਆਰਥੀਆਂ ਅਤੇ ਮਾਪਿਆਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਨ੍ਹਾਂ ਨੁਮਾਇੰਦਿਆਂ ਵਿੱਚ ਜ਼ਿਆਦਾਤਰ ਇਸਤਰੀਆਂ ਸਨ।

ਰਾਜ ਪੱਧਰ ਤੇ ਸਕੂਲ ਸਿੱਖਿਆ ਵਿਭਾਗ, ਸਿਵਲ ਵਿੰਗ ਟੀਮ, ਅਤੇ ਹੋਰ ਭਾਗੀਦਾਰਾਂ ਜਿਵੇਂ ਕਿ ਲੋਕ ਨਿਰਮਾਣ ਵਿਭਾਗ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਅਤੇ ਸਿਵਲ ਸੋਸਾਇਟੀ ਦੇ ਨੁਮਾਇੰਦਿਆਂ ਨਾਲ ਸਲਾਹ-ਮਸ਼ਵਰੇ ਕੀਤੇ ਗਏ ਤਾਂ ਜੋ ਵਾਤਾਵਰਣਿਕ ਅਤੇ ਸਮਾਜਿਕ ਜੋਖਮਾਂ ਅਤੇ ਪ੍ਰਭਾਵਾਂ ਦੇ ਪ੍ਰਬੰਧਨ ਵਿੱਚ ਸਲਾਹ, ਅਸਲ ਸਬੂਤ, ਕਾਰਜਾਤਮਕ ਗਿਆਨ, ਅਤੇ ਚਿੰਤਾਵਾਂ ਬਾਰੇ ਜਾਣਕਾਰੀ ਇਕੱਤਰ ਕੀਤੀ ਜਾ ਸਕੇ।

**ਪ੍ਰਮੁੱਖ ਵਾਤਾਵਰਣਿਕ ਅਤੇ ਸਮਾਜਿਕ ਜੋਖਮ/ਪ੍ਰਭਾਵ**

POISE ਪ੍ਰੋਗਰਾਮ ਦਾ ਸਮੁੱਚਾ ਵਾਤਾਵਰਣਿਕ ਅਤੇ ਸਮਾਜਿਕ ਪ੍ਰਭਾਵ ਬਿਹਤਰ ਸਿੱਖਣ ਦੇ ਮਾਹੌਲ ਅਤੇ ਅਧਿਆਪਕਾਂ ਦੀ ਵਧੀ ਹੋਈ ਸਮਰੱਥਾ ਦੇ ਲਾਭਾਂ ਕਾਰਨ ਸਕਾਰਾਤਮਕ ਹੋਣ ਦੀ ਸੰਭਾਵਨਾ ਹੈ। ਪ੍ਰੋਜੈਕਟ ਵਿਚ ਕੋਈ ਵੀ ਭੂਮੀ ਅਧਿਗ੍ਰਹਿਣ ਅਤੇ/ਜਾਂ ਕੋਈ ਜ਼ਮੀਨੀ ਪਾਬੰਦੀ ਨਹੀਂ ਹੈ। ਇਹਨਾਂ ਤਜਵੀਜ਼ਤ ਦਖਲਅੰਦਾਜ਼ੀਆਂ ਦੇ ਕਾਰਨ ਜੰਗਲੀ ਜ਼ਮੀਨ ਦੇ ਕਿਸੇ ਵੀ ਬਦਲਾਅ ਜਾਂ ਕੁਦਰਤੀ ਨਿਵਾਸ ਸਥਾਨਾਂ 'ਤੇ ਮਾੜੇ ਪ੍ਰਭਾਵਾਂ ਦੀ ਵੀ ਸੰਭਾਵਨਾ ਨਹੀਂ ਹੈ। ਪ੍ਰਸਤਾਵਿਤ ਸਿਵਲ ਵਰਕਸ ਵਿਚ ਵਿਸਥਾਰ ਅਤੇ ਅਪਗ੍ਰੇਡੇਸ਼ਨ ਕੰਮਾਂ ਲਈ ਮੌਜੂਦਾ ਸਕੂਲ ਕੈਂਪਸ ਦੇ ਅੰਦਰ ਜ਼ਮੀਨ ਅਤੇ ਇਮਾਰਤਾਂ ਦੀ ਵਰਤੋਂ ਕਰਨਗੇ। ਪ੍ਰੰਤੂ, ਵਾਤਾਵਰਣ, ਸਿਹਤ ਅਤੇ ਸੁਰੱਖਿਆ, ਅਤੇ ਲਚਕੀਲੇ ਦ੍ਰਿਸ਼ਟੀਕੋਣ ਤੋਂ ਇਮਾਰਤਾਂ/ਸਕੂਲ ਦੇ ਬੁਨਿਆਦੀ ਢਾਂਚੇ ਦੀ ਯੋਜਨਾਬੰਦੀ ਵਿੱਚ ਕਮੀਆਂ ਅਤੇ ਪਾੜੇ ਹਨ।

**ਕੁਝ ਖਾਸ ਵਾਤਾਵਰਣ ਸੰਬੰਧੀ ਜੋਖਮ ਅਤੇ ਮੁੱਦੇ ਹਨ:**

(i) ਸਕੂਲਾਂ ਵਿੱਚ ਇੱਕ ਸੰਪੂਰਨ ਯੋਜਨਾਬੰਦੀ ਪਹੁੰਚ ਦੀ ਅਣਹੋਂਦ, ਜਿਸ ਨਾਲ ਗੈਰ-ਦੂਰਦਰਸ਼ੀ ਅਤੇ ਅਕੁਸ਼ਲ ਹੱਲ/ਥਾਂ ਦੀ ਵਰਤੋਂ ਹੁੰਦੀ ਹੈ, (ii) ਮੌਜੂਦਾ ਸੰਸਥਾਵਾਂ ਦੀ ਗ੍ਰੀਨ/ਲਚੀਲੇ ਇਮਾਰਤ ਦੇ ਡਿਜ਼ਾਈਨ ਜਾਂ ਲਾਗੂ ਕਰਨ ਦੀ ਸਮਰੱਥਾ ਦੀ ਗੈਰ-ਮੌਜੂਦਗੀ, (iii) ਮਾੜੇ ਨਿਰਮਾਣ ਤੋਂ ਪੈਦਾ ਹੋਣ ਵਾਲੇ ਵਿਵਸਾਇਕ ਸਿਹਤ ਅਤੇ ਸੁਰੱਖਿਆ ਦੇ ਮੁੱਦੇ, (iv) ਸੈਪਟਿਕ ਟੈਂਕਾਂ ਦੇ ਅਣ-ਵਿਭਾਜਿਤ ਰਹਿੰਦ-ਖੂੰਹਦ ਅਤੇ ਬਾਹਰ ਨਿਕਲਣ ਨਾਲ਼ ਪੈਦਾ ਹੋਣ ਵਾਲੇ ਪ੍ਰਦੂਸ਼ਣ ਦੇ ਜੋਖਮ, ਅਤੇ (v) ਵਿਦਿਆਰਥੀਆਂ ਅਤੇ ਅਧਿਆਪਕਾਂ ਤੱਕ ਸਰਵ-ਵਿਆਪਕ ਪਹੁੰਚ ਲਈ ਪ੍ਰਬੰਧਾਂ ਦੀ ਘਾਟ। ਇਸ ਤੋਂ ਇਲਾਵਾ, ਇੱਕ ਮੁੱਖ ਖਤਰਾ ਜਾਂ ਚਿੰਤਾ ਪੁਰਾਣੀਆਂ ਬਣਤਰਾਂ/ਇਮਾਰਤਾਂ (ਵਿਰਾਸਤੀ ਟੈਗ ਦੇ ਨਾਲ ਜਾਂ ਬਿਨਾਂ) ਦੀ ਮੌਜੂਦਗੀ ਨਾਲ ਸਬੰਧਤ ਹੈ ਜੋ ਸਕੂਲਾਂ ਦੇ ਤੌਰ 'ਤੇ ਵਰਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦੀ ਮੁਰੰਮਤ ਜੇਕਰ ਮੁਹਾਰਤ ਤੋਂ ਬਿਨਾਂ ਕੀਤੀ ਜਾਂਦੀ ਹੈ ਤਾਂ ਇਨ੍ਹਾਂ ਦੀ ਸੱਭਿਆਚਾਰਕ ਅਹਿਮੀਅਤ ਖਤਮ ਹੋ ਸਕਦੀ ਹੈ ਜਾਂ ਢਾਂਚਾਗਤ ਸਥਿਤੀ ਵਿਗੜਨ/ਨਸ਼ਟ ਹੋਣ ਕਾਰਨ ਖ਼ਤਰਨਾਕ ਬਣ ਸਕਦੀ ਹੈ।

**ਪ੍ਰਮੁੱਖ ਸਮਾਜਿਕ ਜੋਖਮ ਅਤੇ ਪ੍ਰਭਾਵ**

(i) ਬੁਨਿਆਦੀ ਢਾਂਚੇ ਨਾਲ ਸਬੰਧਤ ਵਾਤਾਵਰਣਿਕ ਅਤੇ ਸਮਾਜਿਕ ਖਤਰਿਆਂ ਦੀ ਪਛਾਣ ਕਰਨ ਅਤੇ ਉਹਨਾਂ ਨੂੰ ਘਟਾਉਣ ਲਈ ਕਮਜ਼ੋਰ ਸੰਸਥਾਗਤ ਸਮਰੱਥਾ, (ii) ਕਮਿਊਨਿਟੀ ਦੀ ਸਿਹਤ ਅਤੇ ਸੁਰੱਖਿਆ ਦੇ ਖਤਰਿਆਂ ਨੂੰ ਹੱਲ ਕਰਨ ਲਈ ਵਿਧੀ ਦੀ ਘਾਟ, (iii) ਸਕੂਲ ਦੇ ਵਿਕਾਸ ਅਤੇ ਸਕੂਲਾਂ ਦੇ ਰੋਜ਼ਾਨਾ ਦੇ ਕੰਮਕਾਜ ਵਿੱਚ ਕਮਿਊਨਿਟੀ ਦੀ ਕਮਜ਼ੋਰ ਭਾਗੀਦਾਰੀ, (iv) GBV/SEA/SH ਜੋਖਮਾਂ ਲਈ ਰੋਕਥਾਮ ਅਤੇ ਪ੍ਰਤੀਕਿਰਿਆ ਵਿਧੀ ਨੂੰ ਮਜ਼ਬੂਤ ਕਰਨ ਦੀ ਲੋੜ ਅਤੇ (v) ਇਸਦੀ ਨਿਗਰਾਨੀ ਅਤੇ ਰਿਪੋਰਟਿੰਗ ਸਮੇਤ ਸ਼ਿਕਾਇਤ ਨਿਵਾਰਣ ਵਿਧੀ ਨੂੰ ਮਜ਼ਬੂਤ ਕਰਨ ਦੀ ਲੋੜ। ਇਸਦੀ ਨਿਗਰਾਨੀ ਅਤੇ ਰਿਪੋਰਟਿੰਗ ਸਮੇਤ ਸ਼ਿਕਾਇਤ ਨਿਵਾਰਣ ਵਿਧੀ ਨੂੰ ਮਜ਼ਬੂਤ ਕਰਨ ਦੀ ਲੋੜ ਤੋਂ ਉੱਭਰਦੇ ਹਨ।

ਸਮੁੱਚੇ ਤੌਰ 'ਤੇ, ਵਾਤਾਵਰਣ ਅਤੇ ਸਮਾਜਿਕ ਪ੍ਰਭਾਵ/ਪਰਿਣਾਮ ਥਾਂ-ਵਿਸ਼ੇਸ਼/ਸਥਾਨਕ, ਉਲਟਾਉਣ ਯੋਗ, ਅਨੁਮਾਨਯੋਗ ਹੋਣ ਦੀ ਸੰਭਾਵਨਾ ਹੈ ਅਤੇ ਇਨ੍ਹਾਂ ਨੂੰ ਬਿਹਤਰ ਸਮਰੱਥਾ, ਮਿਆਰਾਂ ਅਤੇ ਅਭਿਆਸਾਂ ਨਾਲ ਘਟਾਇਆ ਜਾ ਸਕਦਾ ਹੈ, ਜਿਨ੍ਹਾਂ ਵਿਚ ਵਿਨਿਯਮਾਂ/ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਅਤੇ ਮੌਜੂਦਾ ਵਾਤਾਵਰਣਿਕ ਅਤੇ ਸਮਾਜਿਕ ਪ੍ਰਬੰਧਨ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ

ਸ਼ਾਮਲ ਹੈ, ਅਤੇ ਜਿਸ ਲਈ ESSA ਨੇ ਖਾਸ ਸਿਫਾਰਿਸ਼ਾਂ ਕੀਤੀਆਂ ਹਨ। ਇਸ ਲਈ, ਵਾਤਾਵਰਣਿਕ ਅਤੇ ਸਮਾਜਿਕ ਜੋਖਮ ਰੇਟਿੰਗ ਦਾ ਮੁਲਾਂਕਣ 'ਮੱਧਮ ਪੱਧਰ' ਵਜੋਂ ਕੀਤਾ ਗਿਆ ਹੈ।

**ਮੁੱਖ ਪਾੜਿਆਂ ਦੀ ਪਛਾਣ**

ਵਾਤਾਵਰਣ ਪ੍ਰਬੰਧਨ ਦੇ ਸਬੰਧ ਵਿੱਚ ਪਛਾਣੇ ਗਏ ਮੁੱਖ ਪਾੜੇ ਵਿੱਚ ਸ਼ਾਮਲ ਹਨ:

(ੳ) ਸਕੂਲ ਸਿੱਖਿਆ ਵਿਭਾਗ, ਸਕੂਲ ਦੇ ਨਿਰਮਾਣ/ਅੱਪਗ੍ਰੇਡੇਸ਼ਨ ਲਈ 'ਕੰਮ ਦੇ ਦਾਇਰੇ' ਵਿੱਚ ਵਾਤਾਵਰਣਿਕ ਅਤੇ ਲਚਕੀਲੇਪਨ ਦੀਆਂ ਵਿਸ਼ੇਸ਼ਤਾਵਾਂ ਨੂੰ ਸ਼ਾਮਲ ਨਹੀਂ ਕਰਦਾ ਹੈ,ਜਿਸ ਨਾਲ਼ ਸਰੋਤ ਅਨੁਕੂਲਨ, ਸੁਰੱਖਿਆ ਨੂੰ ਏਕੀਕ੍ਰਿਤ ਕਰਨ ਅਤੇ ਜਲਵਾਯੂ ਘਟਨਾਵਾਂ ਲਈ ਸੁਵਿਧਾਵਾਂ ਨੂੰ ਵਧੇਰੇ ਲਚਕੀਲਾ ਬਣਾਉਣ ਦੇ ਮੌਕੇ ਖੁੰਝ ਜਾਂਦੇ ਹਨ; (ਅ) ਲੋਕ ਨਿਰਮਾਣ ਵਿਭਾਗ /ਆਰਕੀਟੈਕਚਰ ਵਿਭਾਗ ਕੋਲ ਇਮਾਰਤਾਂ ਦੇ ਵਾਤਾਵਰਣਿਕ ਅਤੇ ਲਚਕੀਲੇ ਡਿਜ਼ਾਈਨ ਜਾਂ ਨਿਰਮਾਣ ਲਈ ਅੰਦਰੂਨੀ ਸਮਰੱਥਾ ਨਹੀਂ ਹੈ - ਉਦਾਹਰਨ ਲਈ - ਢਾਂਚੇ ਨੂੰ ਡਿਜ਼ਾਈਨ ਕਰਨ ਤੋਂ ਪਹਿਲਾਂ ਹਾਈ ਫਲੱਡ ਲਾਈਨ ਡੇਟਾ ਦੀ ਵਰਤੋਂ ਇਸ ਦਾ ਹਿੱਸਾ ਨਹੀਂ ਹੈ; (ੲ) ਪੂਰੇ ਕੈਂਪਸ ਦੀ ਸੰਪੂਰਨ ਤੌਰ 'ਤੇ ਯੋਜਨਾਬੰਦੀ ਨਹੀਂ ਕੀਤੀ ਗਈ ਹੈ, ਜਿਸ ਨਾਲ ਜਗ੍ਹਾ ਦੀ ਗੈਰ-ਅਨੁਕੂਲ ਵਰਤੋਂ ਹੁੰਦੀ ਹੈ; (ਸ) ਬਿਲਡਿੰਗ/ਕੈਂਪਸ ਡਿਜ਼ਾਈਨ ਤੋਂ ਪਹਿਲਾਂ ਹਾਈਡ੍ਰੋਲੋਜੀਕਲ ਵਿਸ਼ਲੇਸ਼ਣ ਨਹੀਂ ਕੀਤਾ ਜਾਂਦਾ ਹੈ; (ਹ) 2020 ਵਿੱਚ ਲੋਕ ਨਿਰਮਾਣ ਵਿਭਾਗ ਦੁਆਰਾ ਪ੍ਰਕਾਸ਼ਿਤ ਦਰਾਂ ਦੀਆਂ ਮੌਜੂਦਾ ਵਿਸ਼ੇਸ਼ਤਾਵਾਂ ਅਤੇ ਅਨੁਸੂਚੀ ਵਿੱਚ ਰੀਸਾਈਕਲ ਕੀਤੀ ਸਮੱਗਰੀ, ਗੈਰ-ਵੀ.ਓ.ਸੀ. ਰੰਗ, ਛੱਤ 'ਤੇ ਉੱਚ ਐਸ.ਆਰ.ਆਈ. ਸਮੱਗਰੀ ਆਦਿ ਵਰਗੇ ਪਹਿਲੂ ਸ਼ਾਮਲ ਨਹੀਂ ਹਨ; (ਕ) ਸਕੂਲ ਸਿੱਖਿਆ ਵਿਭਾਗ ਦੇ ਸਿਵਲ ਵਿੰਗ ਵਿੱਚ ਸਟਾਫ਼ ਸਬੰਧੀ ਰੁਕਾਵਟਾਂ (23 ਜ਼ਿਲ੍ਹਿਆਂ ਲਈ ਸਿਰਫ਼ 10 ਜੇ.ਈ. ਉਪਲਬਧ ਹਨ ਜਿਨ੍ਹਾਂ ਵਿੱਚ ਹੈੱਡਕੁਆਰਟਰ ਪੱਧਰ ਵੀ ਸ਼ਾਮਲ ਹੈ); (ਖ) ਉਸਾਰੀ ਕਾਰਜ ਪ੍ਰਬੰਧਨ ਉੱਤੇ ਐਸ.ਐਮ.ਸੀ. ਮੈਂਬਰਾਂ ਦੇ ਸੰਪਰਕ ਦੀ ਘਾਟ, ਜਿਸ ਦੇ ਨਤੀਜੇ ਵਜੋਂ ਸਕੂਲ ਵਿੱਚ ਉਸਾਰੀ ਦੌਰਾਨ ਕੰਮ ਦੀ ਮਾੜੀ ਗੁਣਵੱਤਾ ਅਤੇ ਉੱਚ ਜੋਖਮ ਵਾਲਾ ਵਾਤਾਵਰਣ (ਸ਼ੋਰ, ਧੂੜ ਅਤੇ ਅਸੁਰੱਖਿਅਤ ਕਾਰਜ ਖੇਤਰਾਂ) ਹੁੰਦਾ ਹੈ। ਇਸ ਤੋਂ ਇਲਾਵਾ, ਦਿਵਿਆਂਗ ਲੋਕਾਂ ਲਈ ਸਰਵ ਵਿਆਪੀ ਪਹੁੰਚ ਅਤੇ ਵਿਸ਼ੇਸ਼ਤਾਵਾਂ ਦੀ ਘਾਟ, ਮਾੜੇ ਜੀਵਨ ਸੁਰੱਖਿਆ ਅਤੇ ਅੱਗ ਸੁਰੱਖਿਆ ਪ੍ਰਬੰਧ ਅਤੇ ਮਾਹਵਾਰੀ ਸਫਾਈ ਪ੍ਰਬੰਧਨ ਵਿੱਚ ਕਮੀਆਂ ਨੂੰ ਫੀਲਡ ਮੁਲਾਂਕਣ ਦੌਰਾਨ ਕਵਰ ਕੀਤੇ ਗਏ ਬਹੁਤ ਸਾਰੇ ਸਕੂਲਾਂ ਵਿੱਚ ਨੋਟ ਕੀਤਾ ਗਿਆ ਸੀ।

**ਸਮਾਜਿਕ ਪ੍ਰਬੰਧਨ ਪਹਿਲੂਆਂ 'ਤੇ ਮੁੱਖ ਪਾੜੇ:**

(ੳ) ਦੌਰਾ ਕੀਤੇ ਗਏ ਜ਼ਿਆਦਾਤਰ ਸਕੂਲਾਂ ਕੋਲ ਬੁਨਿਆਦੀ ਢਾਂਚੇ ਦੀਆਂ ਗਤੀਵਿਧੀਆਂ ਨਾਲ ਸਬੰਧਤ ਵਾਤਾਵਰਣ ਅਤੇ ਸਮਾਜਿਕ ਖਤਰਿਆਂ ਦੀ ਸਹੀ ਢੰਗ ਨਾਲ ਪਛਾਣ ਕਰਨ ਅਤੇ ਉਹਨਾਂ ਨੂੰ ਘਟਾਉਣ ਲਈ ਕੋਈ ਪ੍ਰਣਾਲੀ ਨਹੀਂ ਸੀ; (ਅ) ਕਾਰਜਪ੍ਰਣਾਲੀ ਦਰਸਾਉਂਦੀ ਹੈ ਕਿ ਜਦੋਂ ਵੀ ਸਕੂਲ ਵਾਧੇ ਲਈ ਉਸਾਰੀ ਕਰਦੇ ਹਨ, ਤਾਂ ਸਮਾਜਕ, ਸਿਹਤ ਅਤੇ ਸੁਰੱਖਿਆ ਜੋਖਮਾਂ ਨੂੰ ਧਿਆਨ ਨਾਲ ਪਛਾਣਿਆ ਅਤੇ ਪ੍ਰਬੰਧਿਤ ਨਹੀਂ ਕੀਤਾ ਜਾਂਦਾ ਹੈ - ਹਾਦਸੇ ਦੀਆਂ ਸੱਟਾਂ ਨਾਲ ਸਬੰਧਤ ਸੰਭਾਵੀ ਜੋਖਮ, ਸੰਭਾਵੀ ਲਿੰਗ-ਆਧਾਰਿਤ ਹਿੰਸਾ (Gender Based Violence)/ ਜਿਨਸੀ ਸ਼ੋਸ਼ਣ ਅਤੇ ਦੁਰਵਿਵਹਾਰ (Sexual Exploitation and Abuse) / ਜਿਨਸੀ ਛੇੜ – ਛਾੜ (Sexual Harrasment) ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸੁਰੱਖਿਆ ਨਾਲ ਸਬੰਧਤ ਹੋਰ ਜੋਖਮਾਂ ਨੂੰ ਨੋਟ ਕੀਤਾ

ਗਿਆ; (ੲ) ਭਾਵੇਂ ਸਕੂਲ ਪ੍ਰਬੰਧਕ ਕਮੇਟੀ ਨੂੰ ਸਕੂਲ ਦੇ ਵਿਕਾਸ ਅਤੇ ਪ੍ਰਬੰਧਨ ਦੀ ਜਵਾਬਦੇਹੀ ਅਤੇ ਪਾਰਦਰਸ਼ਤਾ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਣੀ ਚਾਹੀਦੀ ਹੈ, ਪ੍ਰੰਤੂ ਕਾਰਜ ਪ੍ਰਣਾਲੀ ਵਿੱਚ ਉਹਨਾਂ ਦੀ ਭਾਗੀਦਾਰੀ ਬਹੁਤ ਸੀਮਤ ਹੈ ਅਤੇ ਉਨ੍ਹਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਬਾਰੇ ਸਮਰੱਥਾ ਨਿਰਮਾਣ ਦੀ ਲੋੜ ਹੈ; (ਸ) ਸਕੂਲ ਸਿੱਖਿਆ ਵਿਭਾਗ ਦੁਆਰਾ ਜਿਨਸੀ ਅਪਰਾਧਾਂ ਵਿਰੁੱਧ ਬੱਚਿਆਂ ਦੀ ਸੁਰੱਖਿਆ ਐਕਟ (2012) ਅਤੇ ਕੰਮ ਵਾਲੀ ਥਾਂ 'ਤੇ ਔਰਤਾਂ ਦਾ ਜਿਨਸੀ ਸ਼ੋਸ਼ਣ (ਰੋਕਥਾਮ, ਮਨਾਹੀ ਅਤੇ ਨਿਵਾਰਣ) ਐਕਟ, 2013 ("POSH ਐਕਟ") ਲਈ ਨੀਤੀਆਂ ਅਪਣਾਉਣ ਦੇ ਬਾਵਜੂਦ, ਵੱਖ ਵੱਖ ਸਕੂਲਾਂ ਵਿੱਚ ਲਾਗੂਕਰਨ ਦਾ ਬਹੁਤ ਅੰਤਰ ਹੈ। ਇਸ ਦੇ ਨਤੀਜੇ ਵਜੋਂ ਲਿੰਗ-ਆਧਾਰਿਤ ਹਿੰਸਾ (Gender Based Violence)/ ਜਿਨਸੀ ਸ਼ੋਸ਼ਣ ਅਤੇ ਦੁਰਵਿਵਹਾਰ (Sexual Exploitation and Abuse) / ਜਿਨਸੀ ਛੇੜ – ਛਾੜ (Sexual Harrasment) ਲਈ ਰੋਕਥਾਮ ਅਤੇ ਪ੍ਰਤੀਕਿਰਿਆ ਵਿਧੀਆਂ ਕਮਜ਼ੋਰ ਹੁੰਦੀਆਂ ਹਨ, ਜਿਸ ਨੂੰ ਸਕੂਲ ਪੱਧਰ 'ਤੇ ਸੰਸਥਾਗਤ ਵਿਧੀਆਂ ਸਮੇਤ ਹੋਰ ਮਜ਼ਬੂਤੀ ਦੀ ਲੋੜ ਹੁੰਦੀ ਹੈ। ਇਹਨਾਂ ਐਕਟਾਂ ਦੀ ਪਾਲਣਾ ਕਮਜ਼ੋਰ ਹੈ, ਰਿਕਾਰਡਿੰਗ ਅਤੇ ਰਿਪੋਰਟਿੰਗ ਨਾਕਾਫ਼ੀ ਹੈ, ਸਮਰੱਥਾ ਨਿਰਮਾਣ , ਨੀਤੀ ਜਾਗਰੂਕਤਾ, ਅਤੇ ਸ਼ਿਕਾਇਤ ਰਿਕਾਰਡਿੰਗ ਅਤੇ ਰਿਪੋਰਟਿੰਗ ਲਈ ਸਰਲ ਦਿਸ਼ਾ-ਨਿਰਦੇਸ਼ਾਂ ਦੀ ਲੋੜ ਹੈ ਅਤੇ; (ਹ) ਕਈ ਸਕੂਲਾਂ ਦਾ ਦੌਰਾ ਕੀਤਾ ਗਿਆ ਸੀ ਜਿਨ੍ਹਾਂ ਵਿੱਚ ਮੌਜੂਦਾ ਬੁਨਿਆਦੀ ਢਾਂਚੇ ਵਿੱਚ ਬਾਲ ਸੁਰੱਖਿਆ ਦੇ ਤੱਤ ਮੌਜੂਦ ਨਹੀਂ ਸਨ।

**ਕਰਜ਼ਾ ਲੈਣ ਵਾਲੇ ਦੀ ਸਮਰੱਥਾ ਅਤੇ ਪ੍ਰਣਾਲੀਆਂ ਦਾ ਮੁਲਾਂਕਣ**

ਪ੍ਰੋਗਰਾਮ ਲਈ ਸਭ ਤੋਂ ਢੁਕਵੇਂ ਵਾਤਾਵਰਣਿਕ ਅਤੇ ਸਮਾਜਿਕ ਮੂਲ ਸਿਧਾਂਤ ਉਹ ਹਨ ਜੋ ਪ੍ਰੋਗਰਾਮ ਡਿਜ਼ਾਈਨ (ਬੁਨਿਆਦੀ ਢਾਂਚਾ ਡਿਜ਼ਾਈਨ ਅਤੇ ਉਸਾਰੀ ਦੇ ਪੜਾਵਾਂ 'ਤੇ ਖਤਰੇ ਨੂੰ ਘਟਾਉਣ ਸਮੇਤ) ਵਿਚ ਵਾਤਾਵਰਣਿਕ ਅਤੇ ਸਮਾਜਿਕ ਸਥਿਰਤਾ , ਜਨਤਕ ਅਤੇ ਕਾਮਿਆਂ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਦੇ ਹਨ , ਅਤੇ ਸੱਭਿਆਚਾਰਕ ਉਚਿਤਤਾ ਅਤੇ ਬਰਾਬਰ ਪਹੁੰਚ, ਅਤੇ ਕਮਜ਼ੋਰ ਅਤੇ ਹਾਸ਼ੀਏ 'ਤੇ ਪਈ ਆਬਾਦੀ ਦੇ ਅਧਿਕਾਰਾਂ ਅਤੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹਨ। ਇਸ ਦ੍ਰਿਸ਼ਟੀਕੋਣ ਤੋਂ, ਜ਼ਿਲ੍ਹਾ ਅਤੇ ਸਕੂਲ ਪੱਧਰ ਸਮੇਤ ਸਿੱਖਿਆ ਵਿਭਾਗ/ਸਮੱਗਰ ਸਿੱਖਿਆ ਵਿਖੇ ਸਮਰੱਥਾਵਾਂ, ਅਤੇ ਪ੍ਰਣਾਲੀਆਂ ਦੇ ਨਾਲ-ਨਾਲ PWD ਅਤੇ DRDP ਦੀਆਂ ਸਮਰੱਥਾਵਾਂ ਦਾ ਮੁਲਾਂਕਣ ਕੀਤਾ ਗਿਆ ਸੀ। ਪ੍ਰੋਗਰਾਮ ਦੇ ਦਿਸ਼ਾ-ਨਿਰਦੇਸ਼ ਸਕੂਲਾਂ ਦੀਆਂ ਇਮਾਰਤਾਂ/ਬੁਨਿਆਦੀ ਢਾਂਚਿਆਂ ਨੂੰ ਵਾਤਾਵਰਣ-ਅਨੁਕੂਲ ਬਣਾਉਣ ਅਤੇ ਇੱਕ ਸਾਫ਼, ਸਵੱਛ, ਅਤੇ ਸੁਰੱਖਿਅਤ ਸਿਖਲਾਈ ਦਾ ਮਾਹੌਲ ਪ੍ਰਦਾਨ ਕਰਨ ਦੀ ਤਜਵੀਜ਼ ਕਰਦੇ ਹਨ। ਦਿਸ਼ਾ-ਨਿਰਦੇਸ਼ ਸਕੂਲ ਸਿੱਖਿਆ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਸੰਸਥਾਗਤ ਵਿਧੀ ਵੀ ਪ੍ਰਦਾਨ ਕਰਦੇ ਹਨ ਅਤੇ ਰਾਜ ਵਿੱਚ ਅਪਣਾਈਆਂ ਜਾਣ ਵਾਲੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਦਾ ਵੇਰਵਾ ਦਿੰਦੇ ਹਨ। ਇਹ ਵੱਖ-ਵੱਖ ਹਿੱਤਧਾਰਕਾਂ ਨਾਲ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦਾ ਪਾਲਣ ਕਰਦੇ ਹਨ ਅਤੇ ਇਸਦਾ ਟੀਚਾ ਐਸ.ਐਮ.ਸੀ. ਵਿੱਚ ਕਮਿਊਨਿਟੀ ਮੈਂਬਰਾਂ ਅਤੇ ਹੋਰ ਹਿੱਤਧਾਰਕਾਂ ਦੀ ਭਾਗੀਦਾਰੀ ਰਾਹੀਂ ਸਕੂਲ ਪੱਧਰ 'ਤੇ ਪ੍ਰੋਗਰਾਮ ਨੂੰ ਲਾਗੂ ਕਰਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਪੈਦਾ ਕਰਨ ਦਾ ਹੈ।

ਸਮਾਜਿਕ ਸੁਰੱਖਿਆ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਸਕੂਲ ਸਿੱਖਿਆ ਵਿਭਾਗ ਐਸ.ਸੀ,ਐਸ.ਟੀ., ਘੱਟ ਗਿਣਤੀਆਂ, ਘੱਟ ਆਮਦਨੀ ਵਾਲੇ ਪਰਿਵਾਰਾਂ, ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ (CWSN), ਆਦਿ ਦੇ ਬੱਚਿਆਂ ਦੀ ਪਛਾਣ ਵੀ ਕਰਦਾ ਹੈ, ਅਤੇ ਇੱਕ ਵਿਤਕਰੇ ਤੋਂ ਮੁਕਤ, ਸੰਮਲਿਤ ਵਾਤਾਵਰਣ ਵਿੱਚ ਵਿਦਿਅਕ ਮੌਕੇ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਿੱਖਿਆ ਦਾ ਅਧਿਕਾਰ (ਆਰ.ਟੀ.ਈ.) ਐਕਟ, 2009 ਇੱਕ ਸੰਪੂਰਨ ਅਤੇ ਪ੍ਰਣਾਲੀਗਤ ਢਾਂਚੇ ਦੇ ਅੰਦਰ ਲਿੰਗ ਅਤੇ ਸਮਾਜਿਕ ਬਰਾਬਰੀ ਨੂੰ ਸੰਬੋਧਿਤ ਕਰਦਾ ਹੈ। ਰਾਜ

ਪੱਧਰ 'ਤੇ ਲਾਗੂ ਕਰਨ  ਵਿਚ ਨਿਮਨ ਅਨੁਸਾਰ ਲੋੜ ਹੈ: (i) SSF ਦੀ ਅਨੁਸਾਰਤਾ ਵਿੱਚ ਬੁਨਿਆਦੀ ਢਾਂਚੇ ਦੇ ਡਿਜ਼ਾਈਨ ਨੂੰ ਮਜ਼ਬੂਤ ਕਰਨਾ ਜੋ ਸਰਵ ਵਿਆਪਕ ਪਹੁੰਚ, ਅੱਗ ਸੁਰੱਖਿਆ ਅਤੇ ਹੋਰ ਡਿਜ਼ਾਈਨ ਨਿਯਮਾਂ ਨੂੰ ਸੰਬੋਧਿਤ ਕਰਦੇ ਹੋਣ (ii) ਸਹੂਲਤਾਂ ਅਤੇ ਸਾਜੋ-ਸਮਾਨ ਦੀ ਸਾਂਭ-ਸੰਭਾਲ ਲਈ ਰੱਖ-ਰਖਾਅ ਦੀ ਵਿਧੀ, (iii) ਸਕੂਲ ਪ੍ਰਬੰਧਕ ਕਮੇਟੀ ਦੁਆਰਾ ਕਮਿਊਨਟੀ ਅਤੇ ਹਿੱਤਧਾਰਕਾਂ ਦੀ ਭਾਗੀਦਾਰੀ ਨੂੰ ਮਜ਼ਬੂਤ ਕਰਨਾ ਅਤੇ, (iv) ਪਾਰਦਰਸ਼ਤਾ ਅਤੇ ਜਵਾਬਦੇਹੀ ਲਈ ਸੰਸਥਾਗਤ ਸਮਰੱਥਾ ਦਾ ਨਿਰਮਾਣ ਕਰਨਾ।

ਲੋਕ ਨਿਰਮਾਣ ਵਿਭਾਗ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਕੋਲ ਸਕੂਲ ਨਿਰਮਾਣ ਦਾ ਕੰਮ ਕਰਨ ਦੀ ਸਮਰੱਥਾ ਹੈ, ਕਿਉਂਕਿ ਉਹਨਾਂ ਕੋਲ ਪੰਜਾਬ ਵਿੱਚ ਸਕੂਲਾਂ ਦੇ ਨਿਰਮਾਣ ਅਤੇ ਰੱਖ-ਰਖਾਅ ਦਾ ਤਜਰਬਾ ਹੈ। PWD ਕੋਲ ਉਸਾਰੀ ਦੀ ਨਿਗਰਾਨੀ ਕਰਨ ਲਈ ਉਹਨਾਂ ਦੇ ਜ਼ਿਲ੍ਹਾ ਅਤੇ ਬਲਾਕ ਪੱਧਰ ਦੇ ਇੰਜੀਨੀਅਰ ਹਨ ਅਤੇ ਉਹਨਾਂ ਦੀਆਂ ਆਪਣੀਆਂ ਢਾਂਚਾਗਤ ਡਿਜ਼ਾਈਨ ਅਤੇ ਇਲੈਕਟ੍ਰਿਕ ਅਤੇ ਮਕੈਨੀਕਲ ਟੀਮਾਂ ਹਨ, ਅਤੇ ਇੱਕ ਆਰਕੀਟੈਕਚਰਲ ਟੀਮ ਹੈ ਜੋ ਸਕੂਲ ਨਿਰਮਾਣ ਲਈ ਸਕੂਲ ਸਿੱਖਿਆ ਵਿਭਾਗ ਅਤੇ DRDP ਦਾ ਸਮਰਥਨ ਕਰਦੀ ਹੈ। ਲੋਕ ਨਿਰਮਾਣ ਵਿਭਾਗ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੋਵਾਂ ਵਿਭਾਗਾਂ ਦੀ ਮੌਜੂਦਗੀ ਹਰੇਕ ਜ਼ਿਲ੍ਹੇ ਵਿੱਚ ਹੈ। ਹਾਲਾਂਕਿ, ਉਹਨਾਂ ਦੀ ਬਿਲਡਿੰਗ ਡਿਜ਼ਾਈਨ ਅਤੇ ਲਾਗੂ ਕਰਨ ਦੀ ਸਮਰੱਥਾ ਨੂੰ ਵਿਕਸਤ ਕਰਨ ਦੀ ਲੋੜ ਹੈ ਜਿਸ ਵਿੱਚ ਵਾਤਾਵਰਣਿਕ ਤੱਤ, ਵਿਸ਼ੇਸ਼ਤਾਵਾਂ ਅਤੇ ਦਰਾਂ ਦੀ ਅਨੁਸੂਚੀ ਨੂੰ ਅਪਡੇਟ ਕਰਨਾ ਸ਼ਾਮਲ ਹੋਵੇ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵਿਭਾਗ ਦੀ ਵੀ ਹਰੇਕ ਜ਼ਿਲ੍ਹੇ ਵਿੱਚ ਮੌਜੂਦਗੀ ਹੈ ਅਤੇ ਉਹ ਜ਼ਿਲ੍ਹਾ ਕੁਲੈਕਟਰਾਂ ਨਾਲ ਮਿਲ ਕੇ ਕੰਮ ਕਰਦਾ ਹੈ। ਉਨ੍ਹਾਂ ਕੋਲ ਹਰ ਤਰ੍ਹਾਂ ਦੀ ਮੁਰੰਮਤ, ਰੱਖ-ਰਖਾਅ, ਦਰਮਿਆਨੇ ਤੋਂ ਛੋਟੇ ਆਕਾਰ ਦੇ ਨਿਰਮਾਣ ਅਤੇ ਅਪਗ੍ਰੇਡੇਸ਼ਨ ਦੇ ਕੰਮ ਦੀ ਸਮਰੱਥਾ ਹੈ।  30 ਲੱਖ ਰੁਪਏ ਤੱਕ ਦਾ ਸਕੂਲ ਪ੍ਰਬੰਧਕ ਕਮੇਟੀ/ਸਕੂਲ ਪ੍ਰਬੰਧਨ ਦੁਆਰਾ ਕੀਤਾ ਜਾਂਦਾ ਕੋਈ ਵੀ ਸਿਵਲ ਕੰਮ, ਜਿਸ ਵਿਚ ਸਕੂਲ ਸਿੱਖਿਆ ਵਿਭਾਗ ਸਿਵਲ ਵਿੰਗ ਦੇ ਜੂਨੀਅਰ ਇੰਜੀਨੀਅਰ (ਜੇ.ਈ.), ਜੋ ਸਕੂਲ ਪ੍ਰਬੰਧਕ ਕਮੇਟੀ ਨੂੰ ਡਿਜ਼ਾਇਨ, ਅਨੁਮਾਨਾਂ, ਅਤੇ ਸੀਮਤ ਨਿਗਰਾਨੀ ਵਿੱਚ ਸਮਰਥਨ ਕਰਦੇ ਹਨ। ਜੇ.ਈ. ਤੋਂ ਇਲਾਵਾ, ਬਾਕੀ ਮੈਂਬਰਾਂ ਕੋਲ ਇਮਾਰਤ ਦੀ ਯੋਜਨਾਬੰਦੀ, ਨਿਰਮਾਣ ਤਕਨੀਕੀਆਂ, ਜਾਂ ਉਸਾਰੀ ਪ੍ਰਬੰਧਨ ਲਈ ਸੀਮਤ ਤਜਰਬਾ ਹੈ।

## ਪ੍ਰੋਗਰਾਮ  ਤੋਂ ਬਾਹਰ

ਅਜਿਹੀਆਂ ਗਤੀਵਿਧੀਆਂ ਜਿਨ੍ਹਾਂ ਦੇ ਵਿਸ਼ੇਸ਼ ਮਾੜੇ ਪ੍ਰਭਾਵ ਹੋਣ ਦੀ ਸੰਭਾਵਨਾ ਹੈ, ਅਤੇ ਵਾਤਾਵਰਣ ਅਤੇ/ਜਾਂ ਪ੍ਰਭਾਵਿਤ ਲੋਕਾਂ ਪ੍ਰਤੀ ਸੰਵੇਦਨਸ਼ੀਲ, ਵਿਭਿੰਨ, ਜਾਂ ਨਵੀਆਂ ਹਨ, ਨੂੰ ਬਾਹਰ ਰੱਖਿਆ ਜਾਵੇਗਾ ਅਤੇ ESSA ਵਿੱਚ ਸੂਚੀਬੱਧ ਕੀਤਾ ਜਾਵੇਗਾ। ਇਹਨਾਂ ਵਿੱਚ ਹੇਠ ਦਰਜ ਸ਼ਾਮਲ ਹਨ:

1. ਕੋਈ ਵੀ ਭੂਮੀ ਅਧਿਗ੍ਰਹਿਣ, ਭੌਤਿਕ ਪੁਨਰਵਾਸ ਅਤੇ/ਜਾਂ ਅਣਇੱਛਤ ਮੁੜ ਵਸੇਬੇ ਦੇ ਪ੍ਰਭਾਵ।
2. ਉਹ ਗਤੀਵਿਧੀਆਂ ਜੋ ਕੇਂਦਰੀ ਅਤੇ ਰਾਜ ਦੇ ਵਾਤਾਵਰਣਿਕ ਅਤੇ ਸਮਾਜਿਕ ਕਾਨੂੰਨਾਂ ਦੀ ਪਾਲਣਾ ਨਹੀਂ ਕਰਦੀਆਂ
3. ਭੌਤਿਕ ਅਤੇ ਸੱਭਿਆਚਾਰਕ ਸਰੋਤਾਂ ਦਾ ਵਿਨਾਸ਼ ਜਾਂ ਨੁਕਸਾਨ।
4. ਜੰਗਲਾਂ, ਅਧਿਸੂਚਿਤ ਵੈਟ ਲੈਂਡਜ਼ ਜਾਂ ਈਕੋ-ਸੰਵੇਦਨਸ਼ੀਲ ਖੇਤਰਾਂ ਵਿਚ ਬਦਲਾਅ ਜਾਂ ਘੇਰਾਬੰਦੀ, ਅਤੇ/ਜਾਂ ਸਾਰੇ ਸੁਰੱਖਿਅਤ/ਵਣ ਖੇਤਰਾਂ (ਕੌਮੀ ਪਾਰਕਾਂ, ਜੰਗਲੀ ਜੀਵ ਅਸਥਾਨਾਂ ਅਤੇ ਗਲਿਆਰਿਆਂ) ਦੇ ਅੰਦਰ ਉਸਾਰੀ ਕਰਨਾ

ਅਤੇ ਵਾਤਾਵਰਣ-ਸੰਵੇਦਨਸ਼ੀਲ ਜ਼ੋਨਾਂ ਦੇ ਅੰਦਰ, ਜਿਨ੍ਹਾਂ ਲਈ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ ਮੰਤਰਾਲਾ, ਭਾਰਤ ਸਰਕਾਰ ਦੁਆਰਾ ਅੰਤਿਮ ਜਾਂ ਡਰਾਫਟ ਅਧਿਸੂਚਨਾਵਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

5. ਚਰਾਉਣ ਵਾਲੀਆਂ ਜ਼ਮੀਨਾਂ ਸਮੇਤ ਸਾਂਝੇ ਜਾਇਦਾਦ ਦੇ ਸਰੋਤਾਂ ਦਾ ਕੋਈ ਵੀ ਰੂਪਾਂਤਰਣ; (vi) ਭਾਰਤੀ ਪੁਰਾਤੱਤਵ ਸਰਵੇਖਣ (ASI) ਦੁਆਰਾ ਪਛਾਣ ਕੀਤੇ ਗਏ ਸੁਰੱਖਿਅਤ ਸਮਾਰਕਾਂ ਦੇ 100-ਮੀਟਰ ਦੇ ਘੇਰੇ ਦੇ ਅੰਦਰ ਅਤੇ ਅਜਿਹੇ ਢਾਂਚਿਆਂ ਦੇ 300-ਮੀਟਰ ਦੇ ਘੇਰੇ ਦੇ ਅੰਦਰ ਉਚਿਤ ਇਜਾਜ਼ਤ ਤੋਂ ਬਿਨਾਂ ਨਿਰਮਾਣ ਜਾਂ ਢਾਹੁਣਾ ਅਤੇ,
6. ਉਸਾਰੀ ਅਤੇ/ਜਾਂ ਮੁਰੰਮਤ ਜਿਸ ਵਿੱਚ ' asbestos' ਵਾਲੀ ਸਮੱਗਰੀ' ਸ਼ਾਮਲ ਹੈ।

**ਵਾਤਾਵਰਣਿਕ ਅਤੇ ਸਮਾਜਿਕ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਲਈ ਸੁਝਾਏ ਉਪਾਅ**

ਵਾਤਾਵਰਣ: ਵਾਤਾਵਰਣਿਕ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਲਈ ਮੁੱਖ ਸਿਫ਼ਾਰਸ਼ਾਂ ਵਿੱਚ ਸ਼ਾਮਲ ਹਨ:

1. ਪਾਣੀ ਅਤੇ ਊਰਜਾ ਪ੍ਰਬੰਧਨ, ਜਲ ਸ਼ੁੱਧੀਕਰਨ ਪ੍ਰਣਾਲੀਆਂ, ਅੰਦਰੂਨੀ ਹਵਾ ਗੁਣਵੱਤਾ ਪ੍ਰਬੰਧਨ, ਸੈਨੀਟੇਸ਼ਨ, ਗੰਦੇ ਪਾਣੀ ਦਾ ਨਿਪਟਾਰਾ/ਪ੍ਰਬੰਧਨ, ਠੋਸ ਰਹਿੰਦ-ਖੂੰਹਦ ਪ੍ਰਬੰਧਨ (ਈ-ਕਚਰੇ ਸਮੇਤ ਅਤੇ ਪ੍ਰਯੋਗਸ਼ਾਲਾ ਰਹਿੰਦ-ਖੂੰਹਦ ), ਸਰਵ ਉਪਲੱਭਤਾ ਅਤੇ ਮਾਹਵਾਰੀ ਸਫਾਈ ਪ੍ਰਬੰਧਨ ਲਈ ਰਾਸ਼ਟਰੀ ਅਤੇ ਰਾਜ ਵਿਨਿਯਮਾਂ ਦੀ ਅਨੁਕੂਲਤਾ ਨੂੰ ਯਕੀਨੀ ਬਣਾਉਣ ਲਈ ਸਕੂਲਾਂ ਲਈ ਵਾਤਾਵਰਣ ਪ੍ਰਬੰਧਨ ਪ੍ਰੋਟੋਕੋਲ ਤਿਆਰ ਕਰਨਾ ਅਤੇ ਅਪਨਾਉਣਾ।
2. ਪ੍ਰੋਗਰਾਮ ਅਧੀਨ ਲਏ ਜਾਣ ਵਾਲੇ ਸਾਰੇ ਸਕੂਲਾਂ ਲਈ "ਗ੍ਰੀਨ ਸਕੂਲ" ਮਾਡਲ/ਪਹੁੰਚ ਦੀ ਵਰਤੋਂ (ਦਖਲਅੰਦਾਜ਼ੀ ਦਾ ਪੱਧਰ ਅਤੇ ਕਿਸਮ ਪ੍ਰਸਤਾਵਿਤ ਸਿਵਲ ਕੰਮ ਦੀ ਕਿਸਮ/ਸੀਮਾ; ਸਕੂਲ/ਕੈਂਪਸ ਦੇ ਅੰਦਰ ਉਪਲਬਧ ਬੁਨਿਆਦੀ ਢਾਂਚੇ ਦੀ ਸਥਿਤੀ ਅਤੇ ਖਾਸ ਪ੍ਰਸੰਗਿਕ ਲੋੜਾਂ ਦੇ ਆਧਾਰ 'ਤੇ ਵੱਖ-ਵੱਖ ਹੋ ਸਕਦਾ ਹੈ)।
    - ਇਹਨਾਂ ਵਿਕਲਪਾਂ ਵਿੱਚ ਅੰਦਰੂਨੀ ਸੰਚਾਰ ਲਈ ਸੀਮਿੰਟ ਕੰਕਰੀਟ ਫੁੱਟਪਾਥ ਦੀ ਬਜਾਇ ਢੁਕਵੇਂ ਰੰਗਾਂ, ਸਮੱਗਰੀਆਂ, ਖੁੱਲ੍ਹੀਆਂ ਥਾਵਾਂ, ਬਹੁ-ਮੰਤਵੀ ਸਥਾਨ ਪ੍ਰਬੰਧਨ ਆਦਿ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੋਵੇਗਾ।
    - ਵਾਤਾਵਰਣਿਕ ਨਿਰਮਾਣ ਸਮੱਗਰੀ ਦੀ ਵਰਤੋਂ (ਜਿਵੇਂ ਕਿ ਰੀਸਾਈਕਲ ਕੀਤੀ ਅਤੇ ਸਥਾਨਕ ਸਮੱਗਰੀ, VOC ਮੁਕਤ ਸਮੱਗਰੀ)
    - ਹਰੇਕ ਜ਼ਿਲ੍ਹੇ ਵਿੱਚ 'ਪਾਣੀ ਸਕਾਰਾਤਮਕ' ਅਤੇ 'ਊਰਜਾ ਸਕਾਰਾਤਮਕ ਮਾਡਲ' ਜਾਂ ਘੱਟੋ-ਘੱਟ ਜ਼ੀਰੋ ਫੁੱਟਪ੍ਰਿੰਟ ਸਕੂਲਾਂ ਵਿੱਚ ਪਾਣੀ ਅਤੇ ਊਰਜਾ ਆਡਿਟ ( ਜਿਸ ਵਿਚ ਊਰਜਾ/ਪਾਣੀ ਕੁਸ਼ਲ ਫਿਕਸਚਰ ਦੀ ਵਰਤੋਂ ਅਤੇ ਮੀਂਹ ਦੇ ਪਾਣੀ ਦੀ ਸੰਭਾਲ ਸ਼ਾਮਲ ਹੈ) ਬਣਾਓਣਾ।
    - ' ਸਾਰੇ ਨਵੇਂ ਨਿਰਮਾਣ ਗ੍ਰੀਨ ਬਿਲਡਿੰਗ' ਸੰਕਲਪ/ਮਾਪਦੰਡਾਂ ਨੂੰ ਅਪਣਾਉਣ।
    - ਪ੍ਰੋਗਰਾਮ ਦੇ ਤਹਿਤ ਲਏ ਜਾਣ ਵਾਲੇ ਸਾਰੇ ਸਕੂਲਾਂ ਵਿੱਚ 'ਸਮੂਹਿਕ ਬੁਨਿਆਦੀ ਢਾਂਚੇ' ਨੂੰ ਉਤਸ਼ਾਹਿਤ ਕਰਨਾ।
    - ਸਥਾਨਕ ਸੰਸਾਧਨਾਂ ਦੀ ਵਰਤੋਂ।
3. ਉਪਲਬਧ GIS ਪਲੇਟਫਾਰਮਾਂ ਦੀ ਵਰਤੋਂ ਨਾਲ ਹੜ੍ਹ/ਤੂਫਾਨ/ਭੂਚਾਲ (micro-zonation) ਅਤੇ ਰਸਾਇਣਕ ਆਫ਼ਤਾਂ ਦੇ ਅਧਾਰ 'ਤੇ ਆਫ਼ਤਾਂ ਲਈ ਕਮਜ਼ੋਰੀ ਦਾ ਮੁਲਾਂਕਣ [Vulnerability Assessment (VA)] ਅਤੇ ਬੁਨਿਆਦੀ ਢਾਂਚੇ ਨਾਲ

ਸਬੰਧਤ ਕੰਮਾਂ ਦੀ ਯੋਜਨਾਬੰਦੀ ਅਤੇ ਡਿਜ਼ਾਈਨ ਵਿੱਚ ਇਸ ਮੁਲਾਂਕਣ ਤੋਂ ਖੋਜਾਂ ਨੂੰ ਏਕੀਕ੍ਰਿਤ ਕਰਨਾ। ਇਸ ਵਿੱਚ ਥਰਮਲ ਕੰਫਰਟ (ਗਰਮੀ ਦੇ ਤਣਾਅ) 'ਤੇ ਇੱਕ ਖਾਸ ਅਧਿਐਨ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਲਾਗਤ ਪ੍ਰਭਾਵਸ਼ਾਲੀ ਵਿਕਲਪਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

4. ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਵਾਤਾਵਰਨ, ਜਲਵਾਯੂ, ਸੁਰੱਖਿਆ, ਅਤੇ ਹੋਰ ਸਬੰਧਿਤ ਵਿਸ਼ਿਆਂ (ਜਿਵੇਂ ਕਿ ਮਹਾਂਮਾਰੀ ਨਾਲ ਨਜਿੱਠਣਾ) ਬਾਰੇ ਸੰਵੇਦਨਸ਼ੀਲਤਾ/ਜਾਗਰੂਕਤਾ ਪੈਦਾ ਕਰਨਾ।
5. ਜੀਵਨ ਸੁਰੱਖਿਆ ਅਤੇ ਅੱਗ ਸੁਰੱਖਿਆ ਲਈ ਅਪਾਤਕਾਲੀਨ ਪ੍ਰਤੀਕਿਰਿਆ ਵਿੱਚ ਸੁਧਾਰ ਅਤੇ ਸਕੂਲਾਂ ਵਿੱਚ ਅਸਮਾਨੀ ਬਿਜਲੀ ਬਚਾਅ ਯੰਤਰ ਦੀ ਵਿਵਸਥਾ 'ਤੇ ਵਿਸ਼ੇਸ਼ ਧਿਆਨ ।
6. ਕਿੱਤਾਮੁਖੀ ਸਿਹਤ ਅਤੇ ਸੁਰੱਖਿਆ ਅਤੇ ਵਿਦਿਆਰਥੀ ਦੀ ਸੁਰੱਖਿਆ 'ਤੇ ਵਿਸ਼ੇਸ਼ ਧਿਆਨ ਦੇ ਨਾਲ ਸੁਰੱਖਿਅਤ ਉਸਾਰੀ ਕਾਰਜ।
7. ਬਿਲਡਿੰਗ ਉਪਭੋਗਤਾਵਾਂ/ਕਰਮਚਾਰੀਆਂ/ਜਨਤਕ ਲਈ ਉਸਾਰੀ ਦੇ ਇਕਰਾਰਨਾਮੇ ਵਿੱਚ EHS ਪ੍ਰਬੰਧਨ 'ਤੇ ਇਕਰਾਰਨਾਮੇ ਦੀਆਂ ਜ਼ਿੰਮੇਵਾਰੀਆਂ/ਧਾਰਾਵਾਂ ਨੂੰ ਮਜ਼ਬੂਤ ਕਰਨਾ - ਏਕੀਕ੍ਰਿਤ ਵਾਤਾਵਰਣ ਪ੍ਰਬੰਧਨ ਯੋਜਨਾ (Integrated Environmental Management Plan),ਕਿੱਤਾਮੁਖੀ ਸਿਹਤ ਅਤੇ ਸੁਰੱਖਿਆ (Occupational health and safety)ਯੋਜਨਾ, ਜਿਸ ਨੂੰ ਬੋਲੀ ਦਸਤਾਵੇਜ਼ਾਂ ਵਿੱਚ ਤਿਆਰ ਅਤੇ ਏਕੀਕ੍ਰਿਤ ਕੀਤਾ ਜਾਵੇਗਾ।
8. ਸਮੱਗਰੀ ਪ੍ਰਦਾਨ ਕਰਨ ਲਈ "ਕਿਸੇ ਵੀ ਸਮੇਂ, ਕਿਤੇ ਵੀ ਅਤੇ ਕਿਸੇ ਵੀ ਡਿਵਾਈਸ" ਦੀ ਵਰਤੋਂ ਕਰਕੇ ਡਿਜ਼ਾਇਨ ਅਤੇ ਉਸਾਰੀ ਨਾਲ ਸਬੰਧਤ ਵਾਤਾਵਰਣ, ਸਿਹਤ ਅਤੇ ਸੁਰੱਖਿਆ (Environmental, Health, and Safety) ਲੋੜਾਂ ਬਾਰੇ ਸਿਵਲ ਸ਼ਾਖਾ (ਆਰਕੀਟੈਕਟ/ਇੰਜੀਨੀਅਰ) ਦੇ ਖੇਤਰੀ ਕਾਰਜਕਰਤਾਵਾਂ ਲਈ ਸਮੇਂ-ਸਮੇਂ 'ਤੇ ਜਾਗਰੂਕਤਾ/ਸਿਖਲਾਈ ਮੁਹੱਈਆ ਕਰਵਾਉਣਾ।
9. ਸੈਨੇਟਰੀ ਪੈਡ ਡਿਸਪੈਂਸਰਾਂ ਅਤੇ ਸਵੱਛ/ਸੁਰੱਖਿਅਤ ਨਿਪਟਾਰੇ ਦੇ ਪ੍ਰਬੰਧਾਂ ਦੇ ਨਾਲ ਕਿਸ਼ੋਰ ਲੜਕੀਆਂ/ਮਹਿਲਾ ਸਟਾਫ ਲਈ ਮਾਹਵਾਰੀ ਸਫਾਈ ਪ੍ਰਬੰਧਨ (Menstrual Health and Hygiene) ਨੂੰ ਮਜ਼ਬੂਤ ਬਣਾਉਣਾ।
10. ਕੂੜਾ ਪ੍ਰਬੰਧਨ ਪ੍ਰਣਾਲੀ ਨੂੰ ਮਜ਼ਬੂਤ ਕਰਨਾ, ਜਿਸ ਵਿਚ ਈ-ਕੂੜੇ ਨੂੰ ਸਰੋਤ 'ਤੇ ਵੱਖ ਕਰਨਾ ਅਤੇ ਅਧਿਕਾਰਤ ਰੀਸਾਈਕਲਰਾਂ ਨੂੰ e- waste ਦੇ ਨਿਪਟਾਰੇ ਤੋਂ ਪਹਿਲਾਂ ਸਟੋਰੇਜ ਸ਼ਾਮਲ ਹੈ ।
11. ਕਾਰਗੁਜ਼ਾਰੀ ਸਕੋਰ ਕਾਰਡਾਂ ਜਾਂ ਗਰੇਡਿੰਗ ਸਿਸਟਮ ਰਾਹੀਂ ਅਮਲਾ ਅਤੇ ਨਿਗਰਾਨੀ ਪ੍ਰਣਾਲੀਆਂ ਨੂੰ ਮਜ਼ਬੂਤ ਬਣਾਉਣਾ - ਸਕੂਲ/ਜ਼ਿਲ੍ਹਾ/ਰਾਜ ਪੱਧਰ 'ਤੇ ਵਾਤਾਵਰਣ ਰਿਪੋਰਟ ਕਾਰਡ ਜੋ ਮੌਜੂਦਾ ਡਾਟਾ ਇਕੱਤਰੀਕਰਨ ਪ੍ਰਣਾਲੀਆਂ/ਆਡਿਟਾਂ ਤੋਂ ਮੁੱਖ ਡੇਟਾ ਪ੍ਰਾਪਤ ਕਰਦੇ ਹਨ (ਮੂਲ ਮਾਪਦੰਡਾਂ ਨਾਲ ਅਰੰਭ ਕੀਤੇ ਜਾ ਸਕਦੇ ਹਨ)।

**ਸਮਾਜਿਕ: ਸਮਾਜਿਕ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਲਈ ਮੁੱਖ ਸਿਫ਼ਾਰਸ਼ਾਂ ਇਹਨਾਂ 'ਤੇ ਕੇਂਦਰਿਤ ਹਨ:**

1. ਵਾਤਾਵਰਣਿਕ ਅਤੇ ਸਮਾਜਿਕ ਜੋਖਮਾਂ ਦੀ ਪਛਾਣ ਅਤੇ ਘਟਾਉਣ ਲਈ ਸਕੂਲ ਪ੍ਰਬੰਧਕ ਕਮੇਟੀ ਅਤੇ ਸਕੂਲ ਮੁਖੀਆਂ ਦੀ ਸਮਰੱਥਾ ਨੂੰ ਮਜ਼ਬੂਤ ਕਰਨਾ
2. ਸਕੂਲਾਂ ਦੇ ਕੰਮਕਾਜ ਦੀ ਨਿਗਰਾਨੀ ਤੋਂ ਇਲਾਵਾ ਸਕੂਲ ਵਿਕਾਸ ਯੋਜਨਾ ਦੀ ਤਿਆਰੀ ਵਿੱਚ ਸਕੂਲ ਪ੍ਰਬੰਧਕ ਕਮੇਟੀ ਦੀ ਭਾਗੀਦਾਰੀ ਅਤੇ ਉਸ ਦੀ ਭੂਮਿਕਾ ਨੂੰ ਵਧਾਉਣਾ,

3. ਪ੍ਰਸਤਾਵਿਤ ਕਾਰਵਾਈ ਦੇ ਵਾਤਾਵਰਣਿਕ ਅਤੇ ਸਮਾਜਿਕ ਜੋਖਮਾਂ ਅਤੇ ਪ੍ਰਭਾਵਾਂ ਬਾਰੇ ਸਕੂਲੀ ਭਾਈਚਾਰੇ ਅਤੇ ਹੋਰ ਹਿੱਤਧਾਰਕਾਂ ਦੀ ਜਾਗਰੂਕਤਾ ਨੂੰ ਵਧਾਉਣਾ।
4. GBV./SEA./SH. ਮੁੱਦਿਆਂ ਨੂੰ ਹੱਲ ਕਰਨ ਲਈ ਵਿਧੀਆਂ ਨੂੰ ਮਜ਼ਬੂਤ ਕਰਨਾ, ਜਿਸ ਵਿੱਚ POSCO ਅਤੇ POSH ਐਕਟਾਂ (ਅਰਥਾਤ, ਕੰਮ ਵਾਲੀ ਥਾਂ 'ਤੇ ਔਰਤਾਂ ਦਾ ਜਿਨਸੀ ਉਤਪੀੜਨ (ਰੋਕਥਾਮ, ਮਨਾਹੀ ਅਤੇ ਨਿਵਾਰਣ) ਐਕਟ, 2013) ਦੀ ਪਾਲਣਾ ਵਧਾਉਣਾ ਸ਼ਾਮਲ ਹੈ, ਅਤੇ,
5. ਸਕੂਲਾਂ ਦੇ ਨਿਰਮਾਣ ਅਤੇ ਸੰਚਾਲਨ ਦੌਰਾਨ ਸਮਾਜਕ ਸਿਹਤ ਅਤੇ ਸੁਰੱਖਿਆ ਦੇ ਪਹਿਲੂਆਂ ਨੂੰ ਮਜ਼ਬੂਤ ਕਰਨਾ।

ਇੱਕ ਕਾਰਜਸ਼ੀਲ ਸ਼ਿਕਾਇਤ ਨਿਵਾਰਣ ਵਿਧੀ (GRM) ਨੂੰ ਮਜ਼ਬੂਤ ਕਰਨਾ ਅਤੇ ਬਣਾਈ ਰੱਖਣਾ

**ਸਿਫਾਰਸ਼ ਕੀਤੇ ਗਏ ਹੋਰ ਵਾਤਾਵਰਣਿਕ ਅਤੇ ਸਮਾਜਿਕ ਪ੍ਰਬੰਧਨ ਉਪਾਅ**

1. ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਵਾਤਾਵਰਣ ਅਤੇ ਸਮਾਜਿਕ ਪ੍ਰਬੰਧਨ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਅਤੇ ਕਾਇਮ ਰੱਖਣਾ, ਜਿਸ ਵਿੱਚ (ੳ) ਸੁਖਾਲੀ ਵਾਤਾਵਰਣਿਕ ਅਤੇ ਸਮਾਜਿਕ ਪ੍ਰਬੰਧਨ ਪ੍ਰਣਾਲੀ ਦਿਸ਼ਾ ਨਿਰਦੇਸ਼ਾਂ ਦੀ ਤਿਆਰੀ; (ਅ) ਸਮੁੱਚੇ ES ਪ੍ਰਬੰਧਨ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਕੂਲ ਪ੍ਰਸ਼ਾਸਨ ਸਮੇਤ ਲਾਗੂਕਰਨ ਏਜੰਸੀਆਂ ਦੀ ਸਮਰੱਥਾ ਨਿਰਮਾਣ; (ੲ) ਸਾਰੇ ਉਪ ਪ੍ਰੋਜੈਕਟਾਂ- ਪ੍ਰੋਜੈਕਟਾਂ ਲਈ-ਦੀ ਸਕ੍ਰੀਨਿੰਗ ਅਤੇ ਉਪਵਾਤਾਵਰਣਿਕ ਅਤੇ ਸਮਾਜਿਕ ਦਸਤਾਵੇਜ਼ ਤਿਆਰ ਕਰਨਾ; (ਸ) ਰਾਜ ਪੱਧਰੀ PMU ਤੇ ਵਾਤਾਵਰਣ ਅਤੇ ਸਮਾਜਿਕ ਪ੍ਰਬੰਧਨ ਪ੍ਰਣਾਲੀ ESMS ਦੀ ਸਥਾਪਨਾ, ਜਿਸ ਵਿੱਚ ਇੱਕ ਵਾਤਾਵਰਣ ਮਾਹਰ ਅਤੇ ਇੱਕ ਸਮਾਜਿਕ ਮਾਹਰ ਨੂੰ ਨਿਯੁਕਤ ਕਰਨਾ ਸ਼ਾਮਲ ਹੈ।

2. ਵਿਦਿਆਰਥੀਆਂ ਅਤੇ ਸਕੂਲ ਦੀ ਕਮਿਊਨਿਟੀ ਸੁਰੱਖਿਆ ਸਮੇਤ ਕਰਮਚਾਰੀਆਂ ਅਤੇ ਜਨਤਕ ਸੁਰੱਖਿਆ ਪ੍ਰਬੰਧਨ ਨੂੰ ਯਕੀਨੀ ਬਣਾਉਣਾ, ਉਸਾਰੀ ਅਤੇ ਅਧਿਆਪਨ ਦੇ ਸਿੱਖਣ ਦੇ ਸਮੇਂ ਦੀ ਓਵਰਲੈਪਿੰਗ ਨੂੰ ਘੱਟ ਤੋਂ ਘੱਟ ਕਰਨ ਲਈ ਲਾਗੂ ਕਰਨ ਦੀ ਢੁਕਵੀਂ ਉਸਾਰੀ ਯੋਜਨਾ ਤਿਆਰ ਕਰਨਾ ਸ਼ਾਮਲ ਹੈ।

**ਪ੍ਰੋਗਰਾਮ ਐਕਸ਼ਨ ਪਲਾਨ (PAP)**

ਖਤਰਿਆਂਸੰਭਾਵੀ ਮਾੜੇ ਪ੍ਰਭਾਵਾਂ ਦਾ ਪ੍ਰਬੰਧਨ ਕਰਨ ਲਈ/, ਅਤੇ ਪੰਜਾਬ ਵਿੱਚ ਵਾਤਾਵਰਣ, ਸਮਾਜਿਕ ਅਤੇ ਸੁਰੱਖਿਆ ਪ੍ਰਬੰਧਨ ਲਈ ਸੈਕਟਰ ਪ੍ਰਣਾਲੀ ਨੂੰ, ਖਾਸ ਕਰਕੇ ਸਕੂਲ ਪੱਧਰ 'ਤੇ, ਮਜ਼ਬੂਤ ਕਰਨ ਹਿੱਤ ਈਏ.ਐੱਸ.ਐੱਸ. ਹੇਠਾਂ ਦਿੱਤੇ ਪ੍ਰਮੁੱਖ ਉਪਾਅਕਾਰਵਾਈਆਂ ਦਾ ਸੁਝਾਅ ਦਿੰਦਾ ਹੈ।/

ਵਾਤਾਵਰਣਿਕ ਅਤੇ ਸਮਾਜਿਕ ਜੋਖਮ ਪ੍ਰਬੰਧਨ ਲਈ ਸੁਝਾਈ ਗਈ ਪ੍ਰੋਗਰਾਮ ਕਾਰਜ ਯੋਜਨਾ ਪੀ).ਏ.ਪੀ)

| ਕਾਰਵਾਈ ਦਾ ਵੇਰਵਾ | ਜ਼ਿੰਮੇਵਾਰੀ | ਸਮਾਂ | ਪੂਰਨਤਾ ਦਾ ਮਾਪ |
|---|---|---|---|
| 1. ਵਾਤਾਵਰਣਿਕ ਅਤੇ ਸਮਾਜਿਕ ਜੋਖਮਾਂ ਦੀ ਪਛਾਣ ਕਰਨ ਅਤੇ ਘਟਾਉਣ ਲਈ ਸਕੂਲ ਪ੍ਰਬੰਧਕ ਕਮੇਟੀ ਅਤੇ ਸਕੂਲ ਮੁਖੀਆਂ ਲਈ ਦਿਸ਼ਾ-ਨਿਰਦੇਸ਼ਾਂ ਨੂੰ ਤਿਆਰ ਕਰਨਾ ਅਤੇ ਅਪਣਾਉਣਾ। | ਸਕੂਲ ਸਿੱਖਿਆ ਵਿਭਾਗ | ਪ੍ਰਭਾਵਸ਼ੀਲਤਾ ਨਾਲ | (i) EHS/OHS ਜੋਖਮ, (ii) ਭਾਈਚਾਰਕ ਸਿਹਤ ਅਤੇ ਸੁਰੱਖਿਆ (CHS) ਜੋਖਮ, (iii) GBV, SEA/SH ਜੋਖਮ, ਅਤੇ (iv) GBV ਲਈ GRM, ਨੂੰ ਸੰਬੋਧਨ ਕਰਦੇ ਹੋਏ |

| | | | |
|---|---|---|---|
| | | | ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨ ਲਈ ਤਿਆਰ ਕੀਤਾ ਅਤੇ ਅਪਣਾਇਆ ਗਿਆ ਅਤੇ SEA./SH ਸਿਖਲਾਈ ਦਿੱਤੀ ਗਈ। |
| 2. POSCO ਐਕਟ ਅਤੇ POSH ਐਕਟ (ਅਰਥਾਤ, ਕੰਮ ਵਾਲੀ ਥਾਂ 'ਤੇ ਔਰਤਾਂ ਦਾ ਜਿਨਸੀ ਸ਼ੋਸ਼ਣ (ਰੋਕਥਾਮ, ਮਨਾਹੀ ਅਤੇ ਨਿਵਾਰਣ) ਐਕਟ, 2013) ਦੀ ਪਾਲਣਾ ਸਮੇਤ GBV., SEA./SH.ਲਈ ਰੋਕਥਾਮ ਅਤੇ ਪ੍ਰਤੀਕਿਰਿਆ ਵਿਧੀ ਲਈ ਰਣਨੀਤੀ ਅਤੇ ਪ੍ਰੋਟੋਕੋਲ ਨੂੰ ਵਿਕਸਿਤ ਕਰਨਾ ਅਤੇ ਅਪਣਾਉਣਾ। | ਸਕੂਲ ਸਿੱਖਿਆ ਵਿਭਾਗ | (ੳ) ਪ੍ਰਭਾਵ ਤੋਂ 12 ਮਹੀਨੇ<br>(ਅ) ਪ੍ਰਭਾਵ ਤੋਂ 12 ਤੋਂ 24 ਮਹੀਨੇ<br>(ੲ) ਪ੍ਰਭਾਵ ਤੋਂ 12 ਮਹੀਨੇ | (ੳ) (i) ਸਕੂਲ ਪੱਧਰ 'ਤੇ GBV., SEA./SH.ਦੀ ਰੋਕਥਾਮ ਅਤੇ ਜਵਾਬ ਲਈ ਸੰਸਥਾਗਤ ਵਿਧੀ; ਅਤੇ (ii) ਅਧਿਆਪਕਾਂ ਅਤੇ ਸਟਾਫ਼ ਸਮੇਤ ਸਕੂਲਾਂ ਲਈ ਕੋਡ ਆਫ ਪ੍ਰੈਕਟਿਸਿਸ (COP); ਨੂੰ ਸੰਬੋਧਨ ਕਰਦੇ ਹੋਏ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨ ਲਈ ਤਿਆਰ ਕੀਤਾ ਅਤੇ ਅਪਣਾਇਆ ਗਿਆ।<br>(ਅ) ਸਕੂਲ ਪੱਧਰ ਦੀਆਂ ਸੰਸਥਾਵਾਂ ( ਪਹਿਲੇ ਸਾਲ ਦੇ ਅੰਤ ਤੱਕ 50%; ਅਤੇ ਸਾਲ-2 ਦੇ ਅੰਤ ਤੱਕ ਬਾਕੀ), ਅਤੇ ਸਿਖਲਾਈ ਪ੍ਰਦਾਨ ਕੀਤੀ ਗਈ; ਅਤੇ<br>(ੲ) ਲਾਗੂ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤੀ ਗਈ। |
| 3. ਵਾਤਾਵਰਣਿਕ ਅਤੇ ਸਫਲ ਸਕੂਲਾਂ ਲਈ ਵਾਤਾਵਰਣ ਪ੍ਰਬੰਧਨ ਪ੍ਰੋਟੋਕੋਲ/ ਕੋਡ ਆਫ ਪ੍ਰੈਕਟਿਸਿਸ ਦੀ ਤਿਆਰੀ ਅਤੇ ਅਪਣਾਉਣਾ | ਸਕੂਲ ਸਿੱਖਿਆ ਵਿਭਾਗ | ਪ੍ਰਭਾਵ ਤੋਂ 6 ਮਹੀਨੇ | ਪ੍ਰੋਟੋਕੋਲ/ਕੋਡ ਆਫ਼ ਪ੍ਰੈਕਟਿਸ ਤਿਆਰ ਕੀਤੇ ਅਤੇ ਪ੍ਰੋਗਰਾਮ ਦਿਸ਼ਾ-ਨਿਰਦੇਸ਼ਾਂ ਵਿੱਚ ਏਕੀਕ੍ਰਿਤ + ਸਕੂਲ ਵਿਕਾਸ ਯੋਜਨਾ ਵਿੱਚ ਲਾਗੂ ਕੀਤੇ ਗਏ |
| 4. ਉਸਾਰੀ ਦੇ ਠੇਕਿਆਂ ਵਿੱਚ ਵਾਤਾਵਰਣ ਸਿਹਤ ਅਤੇ ਸੁਰੱਖਿਆ ਪ੍ਰਬੰਧਨ (OHS./CHS ਪਹਿਲੂਆਂ ਸਮੇਤ) 'ਤੇ ਇਕਰਾਰਨਾਮੇ ਦੀਆਂ ਜ਼ਿੰਮੇਵਾਰੀਆਂ/ਧਾਰਾਵਾਂ ਨੂੰ ਮਜ਼ਬੂਤ ਕਰਨਾ | PWD ਅਤੇ ਸਕੂਲ ਸਿੱਖਿਆ ਵਿਭਾਗ | ਸਿਵਲ ਵਰਕਸ ਦੀ ਬੋਲੀ ਤੋਂ ਪਹਿਲਾਂ | ਜੈਨਰਿਕ ਇਨਵਾਇਰਮੈਂਟ ਮੈਨੇਜਮੈਂਟ ਪਲਾਨ ਤਿਆਰ ਕੀਤਾ ਜਾਵੇਗਾ ਅਤੇ ਬੋਲੀ ਦਸਤਾਵੇਜ਼ਾਂ ਵਿੱਚ ਏਕੀਕ੍ਰਿਤ ਕੀਤਾ ਜਾਵੇਗਾ |

**ਰਾਜ ਪੱਧਰੀ ਸਲਾਹਕਾਰ ਵਰਕਸ਼ਾਪ ਅਤੇ ESSA ਦਾ ਖੁਲਾਸਾ**

ਇੱਕ ਵਿਭਿੰਨ ਹਿੱਤਧਾਰਕਾਂ ਦੀ ਵਰਕਸ਼ਾਪ ਦਾ ਆਯੋਜਨ ਕੀਤਾ ਜਾਵੇਗਾ ਜਿਸ ਵਿੱਚ  ਸਕੂਲ ਸਿੱਖਿਆ ਵਿਭਾਗ, ਸਮਗਰ ਸਿੱਖਿਆ ਅਧਿਕਾਰੀ ਅਤੇ ਹੋਰ ਭਾਈਵਾਲ ਏਜੰਸੀਆਂ, ਪ੍ਰਮੁੱਖ ਵਿਭਾਗਾਂ ਸਮੇਤ ਕਬਾਇਲੀ ਵਿਕਾਸ ਵਿਭਾਗ, ਸਮਾਜ ਭਲਾਈ ਵਿਭਾਗ, ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਜੰਗਲਾਤ ਵਿਭਾਗ SDMA, ਜ਼ਿਲ੍ਹਾ ਅਤੇ ਤਾਲੁਕਾ ਪੱਧਰ ਦੇ ਅਧਿਕਾਰੀ, NGOs,ਸਕੂਲ ਪ੍ਰਬੰਧਕ ਕਮੇਟੀ/SDMCs, ਦੇ ਮੈਂਬਰਾਂ ਸਮੇਤ ਭਾਈਚਾਰਕ ਸਮੂਹਾਂ ਦੇ ਨੁਮਾਇੰਦੇ, ਅਤੇ ਹੋਰ ਭਾਗੀਦਾਰ ਸ਼ਾਮਲ ਹੋਣਗੇ। ESSA ਨੂੰ ਇਸ ਵਰਕਸ਼ਾਪ ਦੇ ਸਲਾਹਮਸ਼ਵਰੇ ਅਤੇ ਸੁਝਾਵਾਂ ਤੋਂ ਲਾਭ ਹੋਵੇਗਾ। ਇਸ ਸੋਧੇ ESSA ਦਾ ਖੁਲਾਸਾ ਦੇਸ਼ ਵਿੱਚ ਸਕੂਲ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੀ ਵੈੱਬਸਾਈਟ ਅਤੇ ਵਿਸ਼ਵ ਬੈਂਕ ਦੀ ਬਾਹਰੀ ਵੈੱਬਸਾਈਟ 'ਤੇ, ਮੁਲਾਂਕਣ ਮਿਸ਼ਨ ਦੇ ਪੂਰਾ ਹੋਣ ਤੋਂ ਪਹਿਲਾਂ ਕੀਤਾ ਜਾਵੇਗਾ।

**IPF ਅਧੀਨ ਤਕਨੀਕੀ ਸਹਾਇਤਾ ਗਤੀਵਿਧੀਆਂ**

ਪ੍ਰਸਤਾਵਿਤ Investment Project Financing (IPF)- ਤਕਨੀਕੀ ਸਹਾਇਤਾ TA ਘਟਕ ਦੇ ਅਧੀਨ ਗਤੀਵਿਧੀਆਂ ਦੇ ਕਿਸੇ ਵੀ ਮਾੜੇ ਵਾਤਾਵਰਣਿਕ ਅਤੇ ਸਮਾਜਿਕ ਪ੍ਰਭਾਵਾਂ ਦੀ ਸੰਭਾਵਨਾ ਨਹੀਂ ਹੈ ਅਤੇ ਇਹ ਨੋਡਲ ਰਾਜ ਅਤੇ ਜ਼ਿਲ੍ਹਾ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਸਮਰੱਥਾ ਉਸਾਰੀ ਅਤੇ ਮੁੱਖ PforR ਕਾਰਜ ਨੂੰ ਤਕਨੀਕੀ ਸਹਾਇਤਾ ਪ੍ਰਦਾਨ ਕਰਨ ਲਈ ਸਲਾਹਮਸ਼ਵਰੇ/ਸਲਾਹਕਾਰੀ ਸੇਵਾਵਾਂ ਦੀ ਖਰੀਦ ਤੱਕ ਸੀਮਤ ਹੋਵੇਗਾ। TA ਵਿੱਚ ਮਹੱਤਵਪੂਰਨ ਭੌਤਿਕ ਫੁੱਟਪ੍ਰਿੰਟ ਵਾਲੇ ਕਿਸੇ ਵੀ ਨਿਰਮਾਣ ਕਾਰਜ ਜਾਂ ਗਤੀਵਿਧੀਆਂ ਨੂੰ ਸ਼ਾਮਲ ਨਹੀਂ ਕੀਤਾ ਜਾਵੇਗਾ। ਇਹ ਦੇਖਦੇ ਹੋਏ ਕਿ IPF  ਕੰਪੋਨੈਂਟ ਸਾਫ਼ਟ TA ਗਤੀਵਿਧੀਆਂ 'ਤੇ ਕੇਂਦ੍ਰਿਤ ਹੈ, ਵਾਤਾਵਰਣਿਕ ਅਤੇ ਸਮਾਜਿਕ ਫੁੱਟਪ੍ਰਿੰਟ ਸੀਮਤ ਹੋਣ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਇਸ ਲਈ, ਵਾਤਾਵਰਣਿਕ ਅਤੇ ਸਮਾਜਿਕ ਜੋਖਮਾਂ ਦੇ 'ਘੱਟ' ਹੋਣ ਦਾ ਮੁਲਾਂਕਣ ਕੀਤਾ ਜਾਂਦਾ ਹੈ।

ESS 1, ESS 2, ESS 3, ESS 4, ESS. 7, ESS 8 ਅਤੇ ESS 10 ਦੇ ਨਾਲ ਰਾਸ਼ਟਰੀ/ਰਾਜ (ਕਰਜਦਾਰ)  ਪ੍ਰਣਾਲੀਆਂ ਦੇ ਸੰਬੰਧਿਤ ਪਹਿਲੂਆਂ ਦਾ ਮੁਲਾਂਕਣ ਕੀਤਾ ਗਿਆ ਹੈ ਅਤੇ ਵਾਤਾਵਰਣਿਕ ਅਤੇ ਸਮਾਜਿਕ ਪ੍ਰਤੀਬੱਧਤਾ ਯੋਜਨਾ ESCP ਵਿੱਚ ਘਟਾਉਣ ਦੇ ਲੋੜੀਂਦੇ ਉਪਾਅ ਦਰਸਾਏ ਗਏ ਹਨ।